


ਕੈਨੇਡੀਅਨ
ਪੰਜਾਬੀ ਪੋਸਟ
Award winning news paper | Canadian Punjabi Post




To view our online newspaper visit **punjabipost.ca/epaper** | **Vol 21* Issue 161** | **Wednesday, August 17, 2022** | **Tel: 905-793-2202 | Fax: 905-793-2282 | news@punjabipost.ca** | ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

# ਮੰਤਰੀ ਨੇ ਕੈਨੇਡੀਅਨਜ਼ ਨੂੰ ਜਾਅਲੀ ਟਰੈਵਲ ਪਲੈਨਜ਼ ਬਣਾਉਣ ਤੋਂ ਵਰਜਿਆ

ਓਟਵਾ, 16 ਅਗਸਤ (ਪੋਸਟ ਬਿਊਰੋ) : ਫੈਮਿਲੀਜ਼, ਚਿਲਡਰਨ ਤੇ ਸੋਸ਼ਲ ਡਿਵੈਲਪਮੈਂਟ ਮੰਤਰੀ ਕਰੀਨਾ ਗੋਲਡ ਵੱਲੋਂ ਜਾਅਲੀ ਟਰੈਵਲ ਪਲੈਨਜ਼ ਬਣਾਉਣ ਵਾਲਿਆਂ ਨੂੰ ਅਜਿਹਾ ਨਾ ਕਰਨ ਲਈ ਆਖਿਆ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਲਾਈਨ ਵਿੱਚ ਲੱਗਕੇ ਆਪਣੇ ਪਾਸਪੋਰਟਸ ਦੀ ਉਡੀਕ ਕਰਨ ਵਾਲਿਆਂ ਨੂੰ ਨੁਕਸਾਨ ਹੁੰਦਾ ਹੈ।




ਗੋਲਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪਤਾ ਲੱਗਿਆ ਹੈ ਕਿ ਕੁੱਝ ਲੋਕ ਆਪਣੀ ਪਾਸਪੋਰਟ ਅਰਜ਼ੀ ਉੱਤੇ ਜਲਦ ਤੋਂ ਜਲਦ ਕੰਮ ਕਰਵਾਉਣ ਲਈ ਜਾਅਲੀ ਟਰੈਵਲ ਪਲੈਨਜ਼ ਬਣਾ ਕੇ ਬੁਕਿੰਗ ਕਰਵਾ ਰਹੇ ਹਨ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਮਾਮਲੇ ਬਹੁਤ ਜ਼ਿਆਦਾ ਨਹੀਂ ਹਨ। ਜ਼ਿਕਰਯੋਗ ਹੈ ਕਿ ਕੋਵਿਡ 19 ਕਾਰਨ ਲੱਗੀਆਂ ਰੋਕਾਂ ਤੋਂ ਬਾਅਦ ਸ਼ੁਰੂ ਹੋਏ ਕੌਮਾਂਤਰੀ ਟਰੈਵਲ ਵਿੱਚ ਲੋਕਾਂ ਦੀ ਕਾਫੀ ਦਿਲਚਸਪੀ ਵਧੀ ਹੈ, ਇਸ ਲਈ ਅਚਾਨਕ ਪੈਦਾ ਹੋਏ ਬੈਕਲਾਗ ਨੂੰ ਖ਼ਤਮ ਕਰਨ ਲਈ ਪਾਸਪੋਰਟ ਆਫਿਸਿਜ਼ ਨੂੰ ਜਲਦ ਤੋਂ ਜਲਦ ਅਰਜ਼ੀਆਂ ਕਲੀਅਰ ਕਰਨੀਆਂ ਪੈ ਰਹੀਆਂ ਹਨ। ਜਿਨ੍ਹਾਂ ਨੂੰ ਕਿਸੇ ਖਾਸ ਲੋੜ ਕਾਰਨ ਟਰੈਵਲ ਕਰਨ ਦੀ ਜ਼ਿਆਦਾ ਜਲਦੀ ਹੈ ਅਜਿਹੇ ਵਿੱਚ ਉਨ੍ਹਾਂ ਦੇ ਪਾਸ-ਪੋਰਟਸ ਜਲਦ ਮੁਹੱਈਆ ਕਰਵਾਏ ਜਾ ਰਹੇ ਹਨ।

ਮੰਤਰੀ ਨੇ ਆਖਿਆ ਕਿ ਜੇ ਕੋਈ ਅਜਿਹਾ ਕਰ ਰਿਹਾ ਹੈ ਤਾਂ ਉਸ ਨੂੰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਆਖਿਆ ਕਿ ਹੁਣ ਕੰਮ ਕਾਫੀ ਹੱਦ ਤੱਕ ਲੀਹ ਉੱਤੇ ਆ ਚੱਲਿਆ ਹੈ ਤੇ ਪਾਸਪੋਰਟ ਆਫਿਸਿਜ਼ ਵਿੱਚ ਵੀ ਉਡੀਕ ਸਮਾਂ ਘਟਿਆ ਹੈ। ਇਸ ਲਈ ਅਜਿਹੀ ਗੜਬੜ ਕਰਨ ਦੀ ਕਿਸੇ ਨੂੰ ਕੋਈ ਲੋੜ ਨਹੀਂ।

# ਜੀਟੀਏ ਦੇ ਸੈਂਕੜੇ ਡੇਅਕੇਅਰ ਆਪਰੇਟਰਜ਼ ਨੇ ਅਜੇ ਤੱਕ ਨਹੀਂ ਅਪਣਾਇਆ 10 ਡਾਲਰ ਰੋਜ਼ਾਨਾ ਵਾਲਾ ਚਾਈਲਡਕੇਅਰ ਪ੍ਰੋਗਰਾਮ

ਓਨਟਾਰੀਓ, 16 ਅਗਸਤ (ਪੋਸਟ ਬਿਊਰੋ) : ਅਫੋਰਡੇਬਲ ਡੇਅਕੇਅਰ ਦਾ ਬਦਲ ਚੁਣਨ ਲਈ ਸਿਰਫ ਦੋ ਹਫਤੇ ਦਾ ਸਮਾਂ ਰਹਿ ਗਿਆ ਹੈ ਪਰ ਜੀਟੀਏ ਦੇ ਕਈ ਡੇਅਕੇਅਰ ਆਪਰੇਟਰਜ਼ ਵੱਲੋਂ ਅਜੇ ਤੱਕ ਇਹ ਨਹੀਂ ਦੱਸਿਆ ਗਿਆ ਕਿ ਉਹ ਕੀ ਕਰਨਾ ਚਾਹੁੰਦੇ ਹਨ। ਇਸ ਨਾਲ ਮਾਪਿਆਂ ਨੂੰ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜ਼ਿਕਰਯੋਗ ਹੈ ਕਿ ਡੇਅਕੇਅਰ ਆਪਰੇਟਰਜ਼ ਕੋਲ ਪਹਿਲੀ ਸਤੰਬਰ ਤੱਕ ਦਾ ਸਮਾਂ ਹੈ, ਜਿਸ ਵਿੱਚ ਉਹ ਇਸ ਪ੍ਰੋਗਰਾਮ ਨੂੰ ਅਪਨਾਉਣ ਜਾਂ ਨਾ ਅਪਨਾਉਣ ਬਾਰੇ ਦੱਸ ਸਕਦੇ ਹਨ। ਸਿਟੀ ਆਫ ਟੋਰਾਂਟੋ ਨੇ ਦੱਸਿਆ ਕਿ 1000 ਤੋਂ ਵੀ ਵੱਧ ਅਜਿਹੇ ਚਾਈਲਡਕੇਅਰ ਸੈਂਟਰ ਹਨ ਤੇ ਲਾਇਸੰਸਸ਼ੁਦਾ ਹੋਮ ਚਾਈਲਡਕੇਅਰ ਏਜੰਸੀਆਂ ਹਨ ਜਿਹੜੀਆਂ ਇਸ ਪ੍ਰੋਗਰਾਮ ਲਈ ਅਪਲਾਈ ਕਰਨ ਵਾਸਤੇ ਯੋਗ ਹਨ। ਅਜੇ ਤੱਕ 570 ਚਾਈਲਡਕੇਅਰ ਆਪਰੇਟਰਜ਼ ਨੇ ਪ੍ਰੋਗਰਾਮ ਨੂੰ ਅਪਨਾਉਣ



ਦਾ ਫੈਸਲਾ ਕੀਤਾ ਹੈ ਜਦਕਿ 32 ਵੱਲੋਂ ਇਸ ਪ੍ਰੋਗਰਾਮ ਤੋਂ ਪਾਸੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ।

ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਅਪਨਾਉਣ ਦਾ ਫੈਸਲਾ ਕੀਤਾ ਹੈ ਉਨ੍ਹਾਂ ਵਿੱਚੋਂ 99 ਕਮਰਸ਼ੀਅਲ ਸੈਂਟਰਜ਼ ਹਨ ਜਾਂ ਇਹ ਆਖ ਲਿਆ ਜਾਵੇ ਕਿ ਮੁਨਾਫੇ ਲਈ ਕੰਮ ਕਰਨ ਵਾਲੇ ਅਦਾਰੇ ਹਨ। ਜਿਨ੍ਹਾਂ 32 ਆਪਰੇਟਰਜ਼ ਵੱਲੋਂ ਇਸ ਪ੍ਰੋਗਰਾਮ ਤੋਂ ਪਾਸੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ ਉਨ੍ਹਾਂ ਵਿੱਚੋਂ 19 ਵੀ ਮੁਨਾਫੇ ਲਈ ਇਹ ਕੰਮ ਕਰ ਰਹੇ ਹਨ। ਇਸ ਦੌਰਾਨ ਟੋਰਾਂਟੋ ਕੋਲੀਸ਼ਨ ਫੌਰ ਬੈਟਰ ਚਾਈਲਡਕੇਅਰ ਦੀ ਐਬੀਗੇਲ ਡੌਰਿਸ ਨੇ ਆਖਿਆ ਕਿ ਡੈੱਡਲਾਈਨ ਤੋਂ ਪਹਿਲਾਂ ਮੁਨਾਫੇ ਲਈ ਕੰਮ ਨਾ ਕਰਨ ਵਾਲੇ ਬਹੁਗਿਣਤੀ ਚਾਈਲਡਕੇਅਰ ਸੈਂਟਰ ਇਸ ਪ੍ਰੋਗਰਾਮ ਨਾਲ ਜੁੜ ਜਾਣਗੇ।

ਡੌਰਿਸ ਨੇ ਆਖਿਆ ਕਿ ਗੈਰ ਮੁਨਾਫੇ ਵਾਲੇ ਚਾਈਲਡਕੇਅਰ ਸੈਂਟਰਜ਼ ਨੂੰ ਵਾਲੰਟੀਅਰ ਬੋਰਡ ਆਫ ਡਾਇਰੈਕਟਰਜ਼ ਵੱਲੋਂ ਆਪਰੇਟ ਕੀਤਾ ਜਾਂਦਾ ਹੈ ਜਿਸ ਦੀ ਨੁਮਾਇੰਦਗੀ ਮਾਪਿਆਂ ਵੱਲੋਂ ਕੀਤੀ ਜਾਂਦੀ ਹੈ। ਇਹ ਵੀ ਇੱਕ ਮੁੱਦਾ ਹੈ ਕਿ ਉਹ ਗਰਮੀਆਂ ਵਿੱਚ ਨਹੀਂ ਮਿਲਣ ਵਾਲੇ, ਇਸ ਲਈ ਆਪਰੇਟਰਜ਼ ਇਹ ਯਕੀਨੀ ਬਣਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਸਬੰਧਤ ਬੋਰਡਜ਼ ਤੋਂ ਮਨਜ਼ੂਰੀ ਲੈਣ ਤੋਂ ਪਹਿਲਾਂ ਸਾਰੀ ਜਾਣਕਾਰੀ ਹਾਸਲ ਹੋ ਜਾਵੇ ਤਾਂ ਕਿ ਉਹ ਇਸ ਪ੍ਰੋਗਰਾਮ ਨੂੰ ਅਪਨਾ ਸਕਣ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਹੀ ਅਜਿਹਾ ਪ੍ਰੋਵਿੰਸ ਸੀ ਜਿਸ ਨੇ ਬਸੰਤ ਵਿੱਚ ਫੈਡਰਲ ਸਰਕਾਰ ਨਾਲ ਸੱਭ ਤੋਂ ਅਖੀਰ ਵਿੱਚ 13.2 ਬਿਲੀਅਨ ਡਾਲਰ ਦੀ ਇਹ ਡੀਲ ਸਿਰੇ ਚੜ੍ਹਾਈ ਸੀ।

# ਵਾਅਨ ਦੇ ਮੇਅਰ ਦੀ ਚੋਣ ਲੜਨਗੇ ਡੈੱਲ ਡੂਕਾ




ਓਨਟਾਰੀਓ, 16 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੀ ਲਿਬਰਲ ਪਾਰਟੀ ਦੇ ਸਾਬਕਾ ਆਗੂ ਸਟੀਵਨ ਡੈੱਲ ਡੂਕਾ ਵੱਲੋਂ ਵਾਅਨ ਦੇ ਮੇਅਰ ਦੀ ਚੋਣ ਲੜਨ ਦਾ ਫੈਸਲਾ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਡੈੱਲ ਡੂਕਾ ਮੰਗਲਵਾਰ ਨੂੰ ਇਸ ਚੋਣ ਵਿੱਚ ਨਿੱਤਰਣਗੇ। ਵਾਅਨ-ਵੁੱਡਬ੍ਰਿੱਜ ਹਲਕੇ ਵਿੱਚ ਪੀਸੀ ਉਮੀਦਵਾਰ ਮਾਈਕਲ ਟਿਬੋਲੋ ਹੱਥੋਂ ਹਾਰਨ ਤੋਂ ਬਾਅਦ ਡੈੱਲ ਡੂਕਾ ਨੇ ਓਨਟਾਰੀਓ ਦੀ ਲਿਬਰਲ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਜੂਨ ਵਿੱਚ ਡੈੱਲ ਡੂਕਾ ਨੇ ਆਖਿਆ ਸੀ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਓਨਟਾਰੀਓ ਵਿਧਾਨਸਭਾ ਵਿੱਚ ਜਿਹੜੇ ਮਹਿਲਾਵਾਂ ਤੇ ਪੁਰਸ਼ ਪਹੁੰਚੇ ਹਨ ਉਹ ਓਨਟਾਰੀਓ ਵਿੱਚ ਨਵੀਂ ਤੇ ਊਰਜਾ ਨਾਲ ਭਰਪੂਰ ਮੂਵਮੈਂਟ ਦਾ ਵਿਸਥਾਰ ਕਰਨਗੇ। ਇਸ ਮੂਵਮੈਂਟ ਦੀ ਅਗਵਾਈ ਨਵੇਂ ਆਗੂ ਵੱਲੋਂ ਕੀਤੀ ਜਾਵੇਗੀ।

ਸਾਬਕਾ ਪ੍ਰੀਮੀਅਰ ਕੈਥਲੀਨ ਵਿੰਨ ਦੀ ਅਗਵਾਈ ਵਾਲੀ ਸਰਕਾਰ ਵਿੱਚ 2014 ਤੇ 2018 ਦਰਮਿਆਨ ਡੈੱਲ ਡੂਕਾ ਟਰਾਂਸਪੋਰਟੇਸ਼ਨ ਮੰਤਰੀ ਸਨ ਤੇ 2018 ਵਿੱਚ ਜਿਨ੍ਹਾਂ ਲਿਬਰਲਾਂ ਨੂੰ ਆਪਣੀਆਂ ਸੀਟਾਂ ਗੁਆਣੀਆਂ ਪਈਆਂ ਉਨ੍ਹਾਂ ਵਿੱਚ ਵੀ ਸ਼ਾਮਲ ਸਨ। ਉਹ 7 ਮਾਰਚ, 2020 ਨੂੰ ਲਿਬਰਲ ਪਾਰਟੀ ਦੇ ਆਗੂ ਚੁਣੇ ਗਏ। ਜੌਹਨ ਫਰੇਜ਼ਰ ਨੂੰ ਪ੍ਰੋਵਿੰਸ਼ੀਅਲ ਲਿਬਰਲਾਂ ਵੱਲੋਂ ਆਪਣਾ ਅੰਤਰਿਮ ਆਗੂ ਚੁਣਿਆ ਗਿਆ।




























































Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON , ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com


ROYAL CANADIAN International CIRCUS
UNDER THE BIG TOP
July 21–August 28
ETOBICOKE, SCARBOROUGH, MISSISSAUGA, BURLINGTON
2 for 1
GENERAL ADMISSION
TICKETS
at www.royalcanadiancircus.ca
promo code Punjabi


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਸਕਾਰਬਰੋ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਜ਼ਖ਼ਮੀ




ਸਕਾਰਬਰੋ, 16 ਅਗਸਤ (ਪੋਸਟ ਬਿਊਰੋ) : ਸਕਾਰਬਰੋ ਵਿੱਚ ਕਈ ਗੋਲੀਆਂ ਲੱਗਣ ਕਾਰਨ ਬੁਰੀ ਤਰ੍ਹਾਂ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਲਾਅਰੈਂਸ ਐਵਨਿਊ ਤੇ ਸਕਾਰ-ਬਰੋ ਗੌਲਫ ਕਲੱਬ ਰੋਡ ਨੇੜੇ ਸੁਜ਼ਨ ਤੇ ਮਾਰਸੈਲਾ ਸਟਰੀਟਸ ਉੱਤੇ ਰਾਤੀਂ 1:45 ਉੱਤੇ ਟੋਰਾਂਟੋ ਪੁਲਿਸ ਨੂੰ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਵਿਅਕਤੀ ਕਈ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ ਤੇ ਇਸ ਸਮੇਂ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਦੀ ਹਾਲਤ ਕਾਫੀ ਨਾਜ਼ੁਕ ਸੀ ਪਰ ਹੁਣ ਉਸ ਨੂੰ ਖਤਰੇ ਤੋਂ ਬਾਹਰ ਦੱਸਿਆ ਜਾ ਰਿਹਾ ਹੈ।


ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਮੌਕਾ ਏ ਵਾਰਦਾਤ ਤੋਂ ਪੈਦਲ ਹੀ ਫਰਾਰ ਹੁੰਦਿਆਂ ਵੇਖਿਆ ਗਿਆ। ਪਰ ਪੁਲਿਸ ਨੇ ਆਖਿਆ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਸ਼ੂਟਿੰਗ ਵਿੱਚ ਇੱਕ ਮਸ਼ਕੂਕ ਜਾਂ ਹੋਰ ਲੋਕ ਵੀ ਸ਼ਾਮਲ ਸਨ। ਪੁਲਿਸ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਸ ਘਟਨਾ ਦੌਰਾਨ ਜਿਸ ਵਿਅਕਤੀ ਉੱਤੇ ਹਮਲਾ ਹੋਇਆ ਉਹ ਗੱਡੀ ਵਿੱਚ ਵੀ ਦਾਖਲ ਹੋਇਆ ਪਰ ਉਹ ਬਹੁਤੀ ਦੂਰ ਨਹੀਂ ਜਾ ਸਕਿਆ ਤੇ ਉਸ ਦੀ ਗੱਡੀ ਇਲਾਕੇ ਵਿੱਚ ਹੀ ਹਾਦਸਾਗ੍ਰਸਤ ਹੋ ਗਈ।

ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਉਸ ਵਿਅਕਤੀ ਨੂੰ ਗੱਡੀ ਦੇ ਅੰਦਰ ਰਹਿੰਦਿਆਂ ਗੋਲੀਆਂ ਮਾਰੀਆਂ ਗਈਆਂ ਜਾਂ ਉਸ ਤੋਂ ਪਹਿਲਾਂ ਜਦੋਂ ਉਹ ਗੱਡੀ ਤੋਂ ਬਾਹਰ ਸੀ ਉਸ ਸਮੇਂ ਗੋਲੀਆਂ ਮਾਰੀਆਂ ਗਈਆਂ।

# ਪਾਰਕ ਵਿੱਚ ਬਣਾਏ ਗਏ ਮੇਕਸ਼ਿਫਟ ਨਾਈਟਕਲੱਬ ਦੇ ਸਬੰਧ ਵਿੱਚ ਕੀਤੀ ਜਾ ਰਹੀ ਹੈ ਜਾਂਚ

ਬਰੈਂਪਟਨ, 16 ਅਗਸਤ (ਪੋਸਟ ਬਿਊਰੋ) : ਮਿਊਂਸਪਲ ਪਾਰਕ ਵਿੱਚ ਹੋਈ ਪਾਰਟੀ ਦੇ ਸਬੰਧ ਵਿੱਚ ਬਾਇਲਾਅ ਜਾਂਚ ਸ਼ੁਰੂ ਕੀਤੀ ਗਈ ਹੈ। ਸਿਟੀ ਆਫ ਬਰੈਂਪਟਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉੱਥੇ ਮੇਕਸ਼ਿਫਟ ਨਾਈਟਕਲੱਬ ਬਣਾਇਆ ਗਿਆ ਸੀ ਜਿੱਥੇ ਗੈਰਕਾਨੂੰਨੀ ਤੌਰ ਉੱਤੇ ਲੋਕਾਂ ਨੂੰ ਸ਼ਰਾਬ ਵੇਚੀ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਰਾਤੀਂ 8:40 ਤੋਂ ਬਾਅਦ ਹਾਈਵੇਅ 410 ਦੇ ਪੱਛਮ ਤੇ ਸੈਂਡਲਵੁੱਡ ਪਾਰਕਵੇਅ ਈਸਟ ਦੇ ਦੱਖਣ ਵੱਲ ਹਾਰਟ ਲੇਕ ਰੋਡ ਉੱਤੇ ਸਥਿਤ ਵ੍ਹਾਈਟ ਸਪਰੂਸ ਪਾਰਕ ਤੋਂ ਉੱਚੀਆਂ ਆਵਾਜ਼ਾਂ ਆਉਣ ਦੀਆਂ ਕਈ ਸ਼ਿਕਾਇਤਾਂ ਸਿਟੀ ਆਫ ਬਰੈਂਪਟਨ ਦੇ ਬਾਇਲਾਅ ਅਧਿਕਾਰੀਆਂ ਨੂੰ ਮਿਲੀਆਂ। ਇਸ ਸਬੰਧੀ ਜਾਰੀ ਕੀਤੇ ਬਿਆਨ ਵਿੱਚ ਦੱਸਿਆ ਗਿਆ ਕਿ ਸਿਟੀ ਆਫ



ਬਰੈਂਪਟਨ ਵੱਲੋਂ 400 ਲੋਕਾਂ ਦੇ ਨੇੜੇ ਤੇੜੇ ਵਾਲੇ ਇੱਕ ਪਰਿਵਾਰਕ ਫੰਕਸ਼ਨ ਲਈ ਉਨ੍ਹਾਂ ਵੱਲੋਂ ਪਰਮਿਟ ਦਿੱਤਾ ਗਿਆ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਬਾਇਲਾਅ ਐਨਫੋਰਸਮੈਂਟ ਅਧਿਕਾਰੀਆਂ ਨੂੰ 500 ਤੋਂ ਵੱਧ ਲੋਕ ਮਿਲੇ ਜਿਨ੍ਹਾਂ ਨੇ ਗੈਰਕਾਨੂੰਨੀ ਤੌਰ ਉੱਤੇ ਘਾਹ ਉੱਤੇ ਹੀ ਗੱਡੀਆਂ ਪਾਰਕ ਕੀਤੀਆਂ ਹੋਈਆਂ ਸਨ। ਬਿਆਨ ਵਿੱਚ ਆਖਿਆ ਗਿਆ ਕਿ ਐਨਫੋਰਸਮੈਂਟ ਅਧਿਕਾਰੀਆਂ ਨੇ ਪਾਇਆ ਕਿ ਮਿਊਜ਼ਿਕ ਬਹੁਤ ਉੱਚੀ ਆਵਾਜ਼ ਵਿੱਚ ਚੱਲ ਰਿਹਾ ਸੀ ਤੇ ਉੱਥੇ ਮੌਜੂਦ ਲੋਕਾਂ ਨੂੰ ਖਾਣਾ ਤੇ ਸ਼ਰਾਬ ਗੈਰਕਾਨੂੰਨੀ ਢੰਗ ਨਾਲ ਵੇਚੀ ਗਈ। ਇਸ ਤੋਂ ਇਲਾਵਾ ਥੋੜ੍ਹੇ ਜਿਹੇ ਏਰੀਆ ਵਿੱਚ ਫੈਂਸ ਲਾਈ ਗਈ ਸੀ ਤੇ ਜਿੱਥੇ ਮੇਕਸ਼ਿਫਟ ਨਾਈਟਕਲੱਬ ਵਿੱਚ ਦਾਖਲ ਹੋਣ ਲਈ ਲੋਕ ਲਾਈਨਾਂ ਬਣਾ ਕੇ ਖੜ੍ਹੇ ਸਨ।

ਪਾਰਕ ਨੂੰ ਖਾਲੀ ਕਰਵਾਉਣ ਲਈ ਸਕਿਊਰਿਟੀ ਸਰਵਿਸਿਜ਼ ਤੇ ਸਿਟੀ ਸਟਾਫ ਮੌਕੇ ਉੱਤੇ ਪਹੁੰਚਿਆ। ਪਰ ਪਾਰਕ ਵਿੱਚ ਵੱਡੀ ਗਿਣਤੀ ਲੋਕਾਂ ਨੂੰ ਵੇਖਦੇ ਹੋਏ ਪੀਲ ਰੀਜਨਲ ਪੁਲਿਸ ਨੂੰ ਵੀ ਸੱਦਿਆ ਗਿਆ। 12:45 ਉੱਤੇ ਪੁਲਿਸ ਪਾਰਕ ਖਾਲੀ ਕਰਵਾਉਣ ਵਿੱਚ ਕਾਮਯਾਬ ਹੋਈ। ਪਰ ਪੀਲ ਪੁਲਿਸ ਵੱਲੋਂ ਕਿਸੇ ਖਿਲਾਫ ਚਾਰਜਿਜ਼ ਦਰਜ ਨਹੀਂ ਕੀਤੇ ਗਏ। ਬਿਆਨ ਵਿੱਚ ਆਖਿਆ ਗਿਆ ਕਿ ਸਿਟੀ ਆਫ ਬਰੈਂਪਟਨ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਮਾਮਲੇ ਵਿੱਚ ਬਾਇਲਾਅ ਚਾਰਜਿਜ਼ ਲਾਏ ਜਾ ਸਕਦੇ ਹਨ।

## ਅੱਜ ਨਾਮਾ

ਪੌਣੀ ਸਦੀ ਆਜ਼ਾਦੀ ਦੀ ਗੁਜ਼ਰ ਗਈ ਆ,
ਰਿਸਦੇ ਆ ਵੰਡ ਦੇ ਵਕਤ ਦੇ ਫੱਟ ਮੀਆਂ।
ਹੋਰਨਾਂ ਲਈ ਇਤਹਾਸ ਪਰ ਜਾਣਦੇ ਉਹ,
ਜਿਨ੍ਹਾਂ ਨੇ ਖਾਧੀ ਸੀਸਮੇਂ ਦੀਸੱਟ ਮੀਆਂ।
ਪੈ ਗਿਆ ਪੱਲੇ ਉਜਾੜਾ ਤਾਂ ਜੀਅ ਘਰ ਦੇ,
ਰਹਿ ਗਏ ਅੱਧਿਆਂ ਨਾਲੋਂ ਨੇ ਘੱਟ ਮੀਆਂ।
ਜਿਹੜੇ ਖੇਤ ਉਹ ਆਏ ਸਨ ਛੱਡ ਓਧਰ,
ਲੱਗਿਆ ਉਨ੍ਹਾਂ ਨੂੰ ਆਣ ਸੀ ਕੱਟ ਮੀਆਂ।
ਤਦ ਵੀ ਸਬਰ ਦੀ ਉਨ੍ਹਾਂ ਦੀ ਸਿਖਰ ਵੇਖੋ,
ਤੀਲਾ-ਤੀਲਾ ਕਰ ਲਿਆ ਸੀ ਜੋੜ ਮੀਆਂ।
ਦਿੱਤਾ ਜਿੰਨਾ ਸਰਕਾਰਾਂ ਹੈ ਲਿਆ ਬੇਸ਼ੱਕ,
ਪਾਇਆ ਮੁੜ੍ਹਕੇ ਨੇ ਹੋਣੀ ਨੂੰ ਮੋੜ ਮੀਆਂ।

**ਤੀਸ ਮਾਰ ਖਾਂ**

# ਮਿਸੀਸਾਗਾ ਦੇ ਘਰ ਵਿੱਚ ਮਹਿਲਾ ਤੇ ਪੁਰਸ਼ ਮ੍ਰਿਤਕ ਪਏ ਮਿਲੇ



ਮਿਸੀਸਾਗਾ, 16 ਅਗਸਤ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਘਰ ਵਿੱਚ ਦੋ ਵਿਅਕਤੀਆਂ ਦੀ ਲਾਸ਼ ਮਿਲਣ ਮਗਰੋਂ ਪੀਲ ਪੁਲਿਸ ਦੀ ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਮੰਗਲਵਾਰ ਨੂੰ ਸਵੇਰੇ 8:00 ਵਜੇ ਪੁਲਿਸ ਅਧਿਕਾਰੀਆਂ ਨੂੰ ਵੈੱਲਨੈੱਸ ਚੈੱਕ ਲਈ ਕੁਈਨ ਸਟਰੀਟ ਸਾਊਥ ਤੇ ਬ੍ਰਿਸਟਲ ਰੋਡ ਵੈਸਟ ਨੇੜੇ ਪ੍ਰਿੰਸੈੱਸ ਸਟਰੀਟ ਉੱਤੇ ਸਥਿਤ ਘਰ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਘਰ ਵਿੱਚ ਉਨ੍ਹਾਂ ਨੂੰ ਇੱਕ ਮਹਿਲਾ ਤੇ ਪੁਰਸ਼ ਮ੍ਰਿਤਕ ਪਏ ਮਿਲੇ। ਦੋਸਤਾਂ ਤੇ ਗੁਆਂਢੀਆਂ ਨੇ ਮ੍ਰਿਤਕਾਂ ਦੀ ਪਛਾਣ ਮੋਨਿਕਾ ਤੇ ਟੀਨੋ ਵਜੋਂ ਕੀਤੀ। ਉਨ੍ਹਾਂ ਦੇ ਸ਼ਰੀਰ ਉੱਤੇ ਸੱਟਾਂ ਦੇ ਨਿਸ਼ਾਨ ਵੀ ਪਾਏ ਗਏ। ਮ੍ਰਿਤਕਾਂ ਦੀ 18 ਸਾਲਾ ਬੇਟੀ ਦੀ ਸਹੇਲੀ ਨੇ ਦੱਸਿਆ ਕਿ ਇਸ ਜੋੜੇ ਦਾ ਇੱਕ 20 ਸਾਲਾ ਲੜਕਾ ਵੀ ਹੈ।

ਮ੍ਰਿਤਕਾਂ ਵਿਚਾਲੇ ਕੀ ਸਬੰਧ ਸੀ ਇਸ ਬਾਰੇ ਪੁਲਿਸ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ। ਪੁਲਿਸ ਨੇ ਆਖਿਆ ਕਿ ਉਹ ਇਸ ਇਲਾਕੇ ਵਿੱਚ ਰਹਿੰਦੇ ਸਨ ਪਰ ਉਨ੍ਹਾਂ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਉਹ ਉਸ ਘਰ ਵਿੱਚ ਰਹਿੰਦੇ ਸਨ ਜਿੱਥੇ ਉਨ੍ਹਾਂ ਦੀ ਮੌਤ ਹੋਈ। ਜਾਂਚਕਾਰਾਂ ਵੱਲੋਂ ਇਨ੍ਹਾਂ ਮੌਤਾਂ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ। ਅਜੇ ਤੱਕ ਕਿਸੇ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ।

# ਪੰਜਾਬ ਵਿੱਚ ਲੰਪੀ ਸਕਿੱਨ ਰੋਗ ਨਾਲ 3359 ਪਸ਼ੂਆਂ ਦੀ ਮੌਤ, ਕੇਂਦਰ ਨੂੰ ਮੱਦਦ ਦੀ ਅਪੀਲ

ਚੰਡੀਗੜ੍ਹ, 16 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਲੰਪੀ ਸਕਿੱਨ ਕਾਰਨ ਅੱਜ ਸੋਮਵਾਰ ਤੱਕ3359 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ ਤੇ 74325 ਪਸ਼ੂਆਂ ਵਿੱਚਰੋਗ ਦੀ ਲਾਗ ਮਿਲੀ ਹੈ। ਇਸ ਦੌਰਾਨਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕੇਂਦਰ ਸਰਕਾਰ ਤੋਂ 25 ਲੱਖ ਗੋਟ ਪੋਕਸ ਵੈਕਸੀਨ ਦੀਆਂ ਖੁਰਾਕਾਂ ਦੀ ਮੰਗ ਕੀਤੀ ਹੈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵਿਭਾਗ ਦੀ ਮੀਟਿੰਗ ਦੌਰਾਨ ਦੱਸਿਆ ਕਿ ਸੋਮਵਾਰ ਸ਼ਾਮ ਤੱਕ ਰਾਜ ਸਰਕਾਰ ਨੇ ਸਿਹਤਮੰਦ ਪਸ਼ੂਆਂ ਨੂੰ ਗੋਟ ਪੌਕਸ ਦਵਾਈ ਦੀਆਂ 2.05 ਲੱਖ ਖੁਰਾਕਾਂ ਦਿੱਤੀਆਂ ਹਨਅਤੇ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਪਸ਼ੂਆਂ ਦੀ ਨਿਗਰਾਨੀ ਹੋ ਰਹੀ ਹੈ। ਉਨ੍ਹਾ ਦੱਸਿਆ ਕਿ ਪੰਜਾਬ ਦੇ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਤਰਨਤਾਰਨ, ਜਲੰਧਰ ਤੇ ਅੰਮ੍ਰਿਤਸਰ ਜ਼ਿਲੇ ਇਹ ਬਿਮਾਰੀ ਸਭ ਤੋਂ ਵੱਧਹੈ।ਇਸ ਮੌਕੇ ਵਿਭਾਗ ਦੇ ਪ੍ਰਿੰਸੀਪਲਸੈਕਟਰੀ ਵਿਕਾਸ ਪ੍ਰਤਾਪ ਨੇ ਦੱਸਿਆ ਕਿ ਪੰਜਾਬ ਵਿੱਚ 25.31 ਲੱਖ ਗਾਵਾਂ ਅਤੇ 40.15 ਲੱਖ ਮੱਝਾਂ ਹਨ ਤੇ ਅਜੇ ਤੱਕ 74325 ਪਸ਼ੂ ਇਸ ਰੋਗ ਤੋਂ ਪ੍ਰਭਾਵਿਤ ਹੋਣ ਦਾ ਸ਼ੱਕ ਹੈ, ਜਦ ਕਿ 39284 ਪਸ਼ੂ ਠੀਕ ਹੋ ਚੁੱਕੇ ਹਨ, ਪਰ ਇਸ ਦੌਰਾਨ ਬਿਮਾਰੀ ਕਾਰਨ 3359 ਪਸ਼ੂਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ।

# ਇੱਕ ਵ੍ਹੀਕਲ ਵਿੱਚੋਂ ਡਿੱਗੇ ਕੰਟੇਨਰ ਨਾਲ ਟਕਰਾ ਕੇ ਮੋਟਰਸਾਈਕਲਿਸਟ ਜ਼ਖ਼ਮੀ



ਟੋਰਾਂਟੋ, 16 ਅਗਸਤ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਸਿਰੇ ਉੱਤੇ ਹਾਈਵੇਅ 401 ਉੱਤੇ ਇੱਕ ਵ੍ਹੀਕਲ ਵਿੱਚੋਂ ਡਿੱਗੇ ਟੋਟ ਕੰਟੇਨਰ ਨਾਲ ਟਕਰਾ ਜਾਣ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਮੰਗਲਵਾਰ ਨੂੰ ਦੁਪਹਿਰੇ 12:30 ਵਜੇ ਦੇ ਨੇੜੇ ਤੇੜੇ ਪੋਰਟ ਯੂਨੀਅਨ ਦੇ ਹਾਈਵੇਅ ਈਸਟ ਉੱਤੇ ਪੁਲਿਸ ਨੂੰ ਸੱਦਿਆ ਗਿਆ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਕੰਟੇਨਰ 4×4 ਦਾ ਸੀ ਤੇ ਉਸ ਨੂੰ ਸਹੀ ਢੰਗ ਨਾਲ ਬੰਨ੍ਹ ਕੇ ਨਹੀਂ ਸੀ ਰੱਖਿਆ ਗਿਆ। ਪੁਲਿਸ ਨੇ ਆਖਿਆ ਕਿ ਦੂਜਾ ਵ੍ਹੀਕਲ ਵੀ ਲੋਕੇਟ ਕਰ ਲਿਆ ਗਿਆ ਹੈ। ਹਾਈਵੇਅ 401 ਦੀਆਂ ਮੀਡੋਵਾਲ ਤੋਂ ਬ੍ਰੌਕ ਰੋਡਜ਼ ਤੱਕ ਐਕਸਪ੍ਰੈੱਸ ਲੇਨਜ਼ ਨੂੰ ਬੰਦ ਕੀਤਾ ਗਿਆ ਹੈ। ਪੁਲਿਸ ਵੱਲੋਂ ਭਾਰੀ ਸਮਾਨ ਢੋਣ ਵਾਲੇ ਡਰਾਈਵਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਆਪਣੇ ਸਮਾਨ ਨੂੰ ਚੰਗੀ ਤਰ੍ਹਾਂ ਬੰਨ੍ਹ ਕੇ ਤੇ ਸਾਂਭ ਕੇ ਲੈ ਕੇ ਜਾਣ।

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ShergiIl Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਕੈਨਬਰਾ ਹਵਾਈ ਅੱਡੇ ਉਤੇ ਗੋਲੀਆਂ ਚਲਾਉਣ ਵਾਲਾ ਗ੍ਰਿਫਤਾਰ

## * ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ ਉੱਤੇ ਜਾਂਚ ਜਾਰੀ



ਕੈਨਬਰਾ, 16 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਦੇ ਕੈਨਬਰਾ ਹਵਾਈ ਅੱਡੇ ਉੱਤੇ ਟਰਮੀਨਲ ਦੀ ਇਮਾਰਤ ਉੱਤੇ ਪਰਸੋਂ ਗੋਲੀਆਂ ਚਲਾਉਣ ਵਾਲੇ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਦੇਸ਼ ਦੀ ਕੈਪੀਟਲ ਟੈਰੀਟਰੀ (ਏ ਸੀ ਟੀ) ਪੁਲੀਸਿੰਗ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰਨ ਤੋਂ ਕੁਝ ਸਮੇਂ ਬਾਅਦ ਇੱਕ ਹਥਿਆਰ ਮਿਲਿਆ। ਪੁਲਸ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਗਈ ਅਤੇ ਮੰਨਿਆ ਜਾ ਰਿਹਾ ਹੈ ਕਿ ਫੜਿਆ ਗਿਆ ਦੋਸ਼ੀ ਇਕੱਲਾ ਇਸ ਘਟਨਾ ਲਈ ਜ਼ਿੰਮੇਵਾਰ ਸੀ। ਏ ਸੀ ਟੀ ਪੁਲੀਸਿੰਗ ਦੇ ਡਿਟੈਕਟਿਵ ਐਕਟਿੰਗ ਸੁਪਰਡੈਂਟ ਡੇਵ ਕਰਾਫਟ ਨੇ ਦੱਸਿਆ, ''ਕੈਨਬਰਾ ਹਵਾਈ ਅੱਡੇ ਨੂੰ ਚੌਕਸੀ ਵਜੋਂ ਖਾਲੀ ਕਰਾਇਆ ਸੀ, ਪਰ ਹਵਾਈ ਅੱਡੇ ਉੱਤੇ ਸਥਿਤੀ ਕਾਬੂ ਹੇਠ ਹੈ। ਕਿਸੇ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।''

ਉਨ੍ਹਾਂ ਦੱਸਿਆ ਕਿ ਦੋਸ਼ੀ ਵਿਅਕਤੀ ਸਥਾਨਕ ਸਮੇਂ ਮੁਤਾ-ਬਕ ਲਗਭਗ 1.30 ਵਜੇ ਹਵਾਈ ਅੱਡੇ ਵਿੱਚ ਆਇਆ ਅਤੇ ਜਾਣ ਵਾਲੇ ਯਾਤਰੀਆਂ ਦੀ ਚੈਕਿੰਗ ਵਾਲੇ ਸਥਾਨ ਨੇੜੇ ਬੈਠ ਗਿਆ। ਕੁਝ ਸਮੇਂ ਬਾਅਦ ਉਸ ਨੇ ਟਰਮੀਨਲ ਦੇ ਸ਼ੀਸ਼ੇ ਉੱਤੇ ਗੋਲੀਆਂ ਚਲਾਈਆਂ। ਲੋਕਾਂ ਜਾਂ ਸਟਾਫ ਵਿੱਚੋਂ ਕਿਸੇ ਨੂੰ ਗੋਲੀ ਨਹੀਂ ਲੱਗੀ। ਪ੍ਰਧਾਨ ਮੰਤਰੀ ਐਂਥਨੀ ਐਲਬਾਨੀਜ਼ ਨੇ ਆਸਟਰੇਲੀਅਨ ਫੈਡਰਲ ਪੁਲਸ ਤੋਂ ਇਸ ਬਾਰੇ ਜਾਣਕਾਰੀ ਲਈ ਤੇ ਕਿਹਾ, ''ਮੈਨੂੰ ਦੱਸਿਆ ਗਿਆ ਹੈ ਕਿ ਇੱਕ ਜਣੇ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਥੇ ਕੋਈ ਖਤਰਾ ਨਹੀਂ ਹੈ।''

# ਭਗਵੰਤ ਮਾਨ ਸਰਕਾਰ ਦੇ ਪੰਜ ਮਹੀਨੇ ਪੂਰੇ, ਪੰਜ ਮੰਤਰੀਆਂ ਨੇ ਲੋਕਾਂ ਮੂਹਰੇ ਰਿਪੋਰਟ ਕਾਰਡ ਰੱਖਿਆ

ਚੰਡੀਗੜ੍ਹ, 16 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੰਜ ਮਹੀਨੇ ਪੂਰੇ ਹੋਣ ਮੌਕੇ ਅੱਜ ਪੰਜ ਮੰਤਰੀਆਂ ਨੇ ਇਸ ਸਮੇਂ ਕੀਤੇ ਕੰਮਾਂ ਬਾਰੇ ਪੰਜਾਬ ਦੇ ਲੋਕਾਂ ਨੂੰ ਰਿਪੋਰਟ ਕਾਰਡ ਪੇਸ਼ ਕੀਤਾ।ਇਸ ਪ੍ਰੈਸ ਕਾਨਫਰੰਸ ਵਿੱਚ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ, ਜੇਲ੍ਹਾਂ ਅਤੇ ਮਾਈਨਿੰਗ ਦੇ ਮੰਤਰੀ ਹਰਜੋਤ ਸਿੰਘ ਬੈਂਸ, ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਸ਼ਾਮਲ ਸਨ।

ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜ ਮਹੀਨਿਆਂ ਵਿੱਚ 10,739 ਕਰੋੜ ਰੁਪਏ ਕਰਜ਼ਾ ਵੱਖ-ਵੱਖ ਅਦਾਰਿਆਂ ਤੋਂ ਲਿਆ ਹੈ, ਪਰ ਇਸ ਸਮੇਂ ਵਿੱਚ ਪੰਜਾਬ ਸਰਕਾਰ ਨੇ 12,339 ਕਰੋੜ ਰੁਪਏ ਦੇ ਕਰਜ਼ੇ ਵਿਆਜ਼ ਸਮੇਤ ਮੋੜੇ ਹਨ, ਜਿਹੜੇ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਸਨ ਮੋੜੇ। ਇਸ ਦੌਰਾਨਪੰਜਾਬ ਸਰਕਾਰ ਦੀ ਜੀਐਸਟੀ ਕੁਲੈਕਸ਼ਨ ਵਿੱਚ 24.15 ਫੀਸਦੀ ਵਾਧਾ ਹੋਣ ਨਾਲ ਆਮਦਨ ਵਧੀ ਹੈ। ਪੰਜ ਮਹੀਨਿਆਂ ਵਿੱਚ ਡਾਕਟਰਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਅਤੇ 842 ਨਵੇਂ ਡਾਕਟਰ ਵੀ ਨਿਯੁਕਤ ਕੀਤੇ ਹਨ।

ਸਿੱਖਿਆ, ਮਾਈਨਿੰਗਅਤੇ ਜੇਲ੍ਹਾਂ ਬਾਰੇ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਨ੍ਹਾਂ ਪੰਜ ਮਹੀਨਿਆਂ ਵਿੱਚ ਜੇਲ੍ਹਾਂ ਵਿੱਚੋਂ 2829 ਮੋਬਾਈਲ ਫੜੇ ਹਨ। ਪੇਂਡੂ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਦੌਰਾਨ9053 ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਾਈ ਤੇ ਪੰਚਾਇਤੀ ਜ਼ਮੀਨਾਂ ਲਈਖੁੱਲ੍ਹੀ ਬੋਲੀ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ 1760 ਕਰੋੜ ਰੁਪਏ ਕੇਂਦਰ ਸਰਕਾਰਤੋਂ ਪੰਜਾਬ ਦੀਆਂ ਮੰਡੀਆਂ ਵਿੱਚ ਆਏ ਹਨ ਅਤੇ ਪੰਜਾਬ ਦੀਆਂਪਸ਼ੂ ਮੰਡੀਆਂ ਦੇ ਵਿਕਾਸ ਦੇ ਨਾਲ ਅਨਾਜ ਮੰਡੀਆਂ ਦੀਆਂ ਸੜਕਾਂ ਉੱਤੇ 4500 ਕਰੋੜ ਰੁਪਏ ਖਰਚ ਕਰਨੇ ਹਨ। ਸਿਹਤ ਮੰਤਰੀ ਚੇਤਨ ਸਿੰਘ ਜੋੜੇਮਾਜਰਾ ਨੇ ਕਿਹਾ ਕਿ ਸਰਕਾਰ ਨੇ ਆਜ਼ਾਦੀ ਦੇ 75 ਸਾਲ ਪੂਰੇ ਹੋਣ ਮੌਕੇ ਪਹਿਲੇ 75 ਮੁਹੱਲਾ ਕਲਿਨਿਕ ਖੋਲ੍ਹੇ ਤੇ ਜਿਹੜੇ ਅਗਲੇ ਦਿਨ 100 ਕਲੀਨਿਕ ਖੋਲ੍ਹ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਕਪੂਰਥਲਾ, ਹੁਸ਼ਿਆਰਪੁਰਅਤੇ ਸੰਗਰੂਰ ਵਿੱਚ ਨਵੇਂ ਮੈਡੀਕਲ ਕਾਲਜ ਖੋਲ੍ਹੇ ਜਾਣਗੇਅਤੇ ਮਾਲੇਰਕੋਟਲਾ ਵਿੱਚਕੇਂਦਰ ਦੀ ਮਦਦ ਨਾਲ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਅਤੇ ਅਗਲੇ 5 ਸਾਲਾਂ ਵਿੱਚਪੰਜਾਬ ਦੇ ਹਰ ਜ਼ਿਲੇ ਵਿੱਚ ਇੱਕ ਮੈਡੀਕਲ ਕਾਲਜ ਬਣੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1


NATURAL HEALTH SOLUTIONS
Over 20 years Homeopathic/Holistic ways case solving experience
HOMEOPATHY / HOLISTIC ਵਿਧੀ ਰਾਹੀਂ ਬਿਮਾਰੀਆਂ ਦਾ ਇਲਾਜ ਕਰਨ ਦਾ 20 ਸਾਲ ਤੋਂ ਵੱਧ ਦਾ ਤਜੁਰਬਾ।
ABDOMINAL, METABOLIC, SKIN ਅਤੇ ਬੱਚਿਆਂ ਨਾਲ ਸੰਬੰਧਿਤ ਬਿਮਾਰੀਆਂ ਜਿਵੇਂ ਕੇ ਭੁੱਖ ਨਾ ਲੱਗਣਾ ਅਤੇ PSYCOLOGICAL ਸੱਮਸਿਆਵਾਂ ਨੂੰ ਠੀਕ ਕਰਨ ਦਾ ਤਜੁਰਬਾ।
ਜੇਕਰ ਕਿਤੋਂ ਹੋਰ ਇਲਾਜ ਨਹੀਂ ਹੋਇਆ ਤਾਂ ਸਾਡੇ ਨਾਲ ਸੰਪਰਕ ਕਰੋ -
ਤੁਹਾਡੀ ਭਾਸ਼ਾ ਬੋਲਦੇ - Hindi, Punjabi & English
ASHFAQ AHMAD (M.Sc.)
- Registered Ontario Homeopath
- Holistic Nutritionist
- Certified Herbalist
Phone: 647-779-5904
Address: 8 Camperdown Ave, Etobicoke.
Clinic hours: all appointment basis for client convenience

KNOW INDIA PROGRAMME (KIP) 2022-23
60th KIP
25 August - 14 September, 2022
Last date to register : 19 07-2022
Partner State : Goa
61st KIP
26 September - 16 October, 2022
Last date to register : 19-08-2022
Partner State : Gujarat
62nd KIP
01 November - 21 November, 2022
Last date to register : 23-09-2022
Partner State : Rajasthan
TO LEARN MORE ABOUT OUR PLAN AND TO REGISTER, VISIT HTTPS://KIP.GOV.IN
@OIA_MEA | @OverseasIndianAffairs

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਰਫ਼ੀਕ, ਮੈਨੂੰ ਨਨਕਾਣੇ ਲੈ ਚੱਲ.... ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ

## ਉਜਾੜੇ ਦਾ ਦਰਦ ਇਸ ਕਦਰ ਹਿੱਕ ਨਾਲ ਲਾ ਕੇ ਰੱਖਿਆ ਕਿ ਪੰਜਾਬ ਤੋਂ ਤੁਰਨ ਵੇਲੇ ਬੰਨ੍ਹੀ ਪੱਗ ਮਰਨ ਤੱਕ ਸਿਰ 'ਤੇ ਰੱਖੀ



ਮਨਦੀਪ ਖੁਰਮੀ ਹਿੰਮਤਪੁਰਾ

ਸਾਹ ਲੈਂਦਾ ਹਰ ਜੀਵ, ਬੂਟਾ, ਮਨੁੱਖ ਆਜਾਦੀ ਲੋੜਦੈ। ਪਿੰਜਰੇ 'ਚ ਕੈਦ ਤੋਤੇ, ਚਿੜੀਆਂ ਵੀ ਖੁੱਲ੍ਹੇ ਅੰਬਰੀਂ ਉੱਡਣਾ ਲੋਚਦੇ ਹਨ ਪਰ ਤਾਕਤਵਰ ਧਿਰ ਇਨਸਾਨ ਆਪਣੀ ਖੁਸ਼ੀ ਲਈ ਉਹਨਾਂ ਨਿਤਾਣਿਆਂ ਨੂੰ ਗੁਲਾਮ ਬਣਾ ਕੇ ਰੱਖਦੈ। ਗੁਲਾਮੀ ਖਿਲਾਫ ਆਜ਼ਾਦ ਹੋਣ ਦੀ ਇੱਛਾ ਨਿਰੰਤਰ ਆਪਣੇ ਸਫ਼ਰ 'ਤੇ ਰਹਿੰਦੀ ਹੈ। ਜਦੋਂ ਭਾਰਤ ਪਾਕਿ-ਸਤਾਨ ਦੀ 'ਆਜ਼ਾਦੀ' ਦੀ ਗੱਲ ਕਰਦੇ ਹਾਂ ਤਾਂ 1947 ਵੇਲੇ ਹੋਏ ਭਿਆਨਕ ਉਜਾੜੇ, ਕਤਲੇਆਮ, ਲੁੱਟ ਖੋਹ, ਆਪਣਿਆਂ ਕੋਲੋਂ ਵਿੱਛੜਣ ਵੇਲੇ ਦਾ ਵਿਰਲਾਪ ਕੰਨਾਂ 'ਚ ਕੁਰਬਲ ਕੁਰਬਲ ਕਰਨ ਲੱਗਦੈ। ਇੱਜ਼ਤਾਂ ਦੀ ਚੀਰਫਾੜ ਦਾ ਦੁੱਖ, ਆਪਣਿਆਂ ਵੱਲੋਂ ਆਪਣਿਆਂ ਦੇ ਕਤਲ ਕਿਹੜੀ ਆਜ਼ਾਦੀ ਵੱਲ ਲੈ ਕੇ ਗਏ ਸਨ?? ਇਹ ਸਵਾਲ ਅੱਜ ਵੀ ਦੋਵੇਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਮੂੰਹ ਚਿੜਾਉਂਦੇ ਨਜ਼ਰੀਂ ਪੈਂਦੇ ਹਨ। ਇੱਕ ਦੂਜੇ ਦੀ ਕੰਧ ਨਾਲ ਕੰਧ ਸਾਂਝੀ, ਖੇਤੀਬਾੜੀ ਦੇ ਸੰਦ-ਸੰਦੇੜੇ ਤੋਂ ਲੈ ਕੇ ਕੰਧਾਂ ਵਿਚਕਾਰ ਬਣਾਏ ਮੋਘਰਿਆਂ ਥਾਈਂ ਦਾਲ ਸਬਜ਼ੀਆਂ ਵਾਲੀਆਂ ਕੌਲੀਆਂ ਦੇ ਵਟਾਂਦਰਿਆਂ ਵਾਲੀ ਸਾਂਝ ਨੂੰ ਕੌਣ ਖੂਨ ਦੀ ਰੰਗਤ ਦੇ ਗਿਆ?

ਸੋਚ ਕੇ ਦੇਖੋ ਕੀ ਸਿਆਸਤਦਾਨਾਂ ਦੇ ਵਚਨਾਂ 'ਤੇ ਫੁੱਲ ਚੜ੍ਹਾਉਂਦੇ ਘੜੰਮ ਚੌਧਰੀ ਕਿੰਨੀ ਜ਼ਹਿਰ ਆਪਣੇ ਅੰਦਰ ਸਮੋਈ ਬੈਠੇ ਹੋਣਗੇ ਕਿ ਪਿੰਡ ਪਿੰਡ, ਸ਼ਹਿਰ ਸ਼ਹਿਰ 'ਚ ਨਫ਼ਰਤ ਦੇ ਬੀਜੇ ਬੀਜ ਕਿਵੇਂ ਅਮਰਵੇਲ ਬਣ ਕੇ ਭਾਈਚਾਰੇ ਦੇ ਬੂਟੇ ਨੂੰ ਸੁਕਾ ਗਏ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਕ ਸੁਨੇਹਾ ਚੁਟਕੀ ਮਾਰਿਆਂ ਦੇਸ਼ਾਂ ਦੀਆਂ ਹੱਦਾਂ ਟੱਪ ਜਾਂਦਾ ਹੈ। ਅੱਜ ਤੋਂ 75 ਸਾਲ ਪਹਿਲਾਂ ਸਿਆਸਤ ਕਿੰਨੀ ਕਰੂਪ ਹੋਵੇਗੀ, ਜਿਸਨੇ ਘਰ ਘਰ ਨਫ਼ਰਤ ਦੇ ਥੋਹਰ ਖਿਲਾਰ ਦਿੱਤੇ ਸਨ? ਲੱਖਾਂ ਲੋਕਾਂ ਦਾ ਕਤਲੇਆਮ, ਗਿਣਤੀ ਮਿਣਤੀ ਤੋਂ ਪਰ੍ਹੇ ਮਾਲੀ ਨੁਕਸਾਨ, ਅਮੁੱਲੀਆਂ ਸਾਂਝਾਂ ਦੇ ਵਿਛੋੜੇ ਆਪੋ ਆਪਣੀਆਂ ਝੋਲੀਆਂ 'ਚ ਪੁਆ ਕੇ ਸਾਨੂੰ ਕਿਹੜੀ ਆਜ਼ਾਦੀ ਵਾਲਾ ਛੁਣਛੁਣਾ ਫੜਾ ਦਿੱਤਾ ਗਿਆ?

ਬੇਸ਼ੱਕ ਓਹ ਦਰਦੀਲਾ ਦੌਰ ਸਾਡੇ ਦਾਦਿਆਂ ਬਾਬਿਆਂ ਦਾ ਦੌਰ ਸੀ, ਪਰ ਜਦੋਂ ਲੰਮੀਆਂ ਉਮਰਾਂ ਵਾਲੇ ਬਜ਼ੁਰਗਾਂ ਦੀਆਂ ਹਾਉਕਿਆਂ ਹਟਕੋਰਿਆਂ ਭਰੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਹੋਈਆਂ ਦੇਖਦੇ ਹਾਂ ਤਾਂ ਦਿਲ ਪਾਟ ਜਾਂਦੈ। ਕਿਵੇਂ ਅੱਜ ਵੀ ਬਜ਼ੁਰਗ ਆਪਣੇ ਪਿਛਲੇ ਪਿੰਡਾਂ, ਪਰਿਵਾਰਾਂ, ਖੇਤਾਂ, ਦੋਸਤਾਂ ਨੂੰ ਯਾਦ ਕਰਕੇ ਖੂਨ ਦੇ ਅੱਥਰੂ ਰੋਂਦੇ ਹਨ। ਆਮ ਲੋਕਾਂ ਨੇ ਤਾਂ ਅਜਿਹੀ ਆਜ਼ਾਦੀ ਦੀ ਕਲਪਨਾ ਵੀ ਨਹੀਂ ਸੀ ਕੀਤੀ, ਜਿਹੜੀ ਆਪਣਿਆਂ ਦੇ ਖੂਨ 'ਚ ਗੁੰਨ੍ਹੀ ਹੋਵੇ।


ਤਿੰਨ ਕੁ ਸਾਲ ਪਹਿਲਾਂ ਮੈਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆ ਕੇ ਵਸਿਆ ਤਾਂ ਮਿਲੇ ਦੋ ਸਖਸ਼ਾਂ ਦੀਆਂ ਗੱਲਾਂ ਸੁਣ ਕੇ ਇਓਂ ਲੱਗਿਆ ਜਿਵੇਂ ਮੈਂ ਉਹਨਾਂ ਦੇ ਪਿਓ ਦਾਦਿਆਂ ਦੀਆਂ ਚੀਕਾਂ ਆਪਣੇ ਕੰਨੀਂ ਸੁਣ ਰਿਹਾ ਹੋਵਾਂ।

> ਕਿਸ ਗੱਲ ਦੇ ਜਸ਼ਨ? ਕਿਹੜਾ ਮਾਅਰਕਾ ਮਾਰ ਲਿਆ??

ਪਹਿਲਾ ਸਖਸ਼ ਸੀ ਅਬਦੁਲ ਕਯੂਮ ਨਾਂ ਦਾ ਦੁਕਾਨਦਾਰ ਵੀਰ। ਉਹਦੀ ਦੁਕਾਨ 'ਤੇ ਗਿਆ ਤਾਂ ਜਿਹੜਾ ਮੋਹ, ਅਪਣੱਤ ਕਯੂਮ ਵੱਲੋਂ ਮੇਰੇ ਸੀਨੇ 'ਤੇ ਉੱਕਰ ਦਿੱਤਾ, ਉਹ ਇਹ ਦੱਸਣ ਲਈ ਕਾਫੀ ਸੀ ਕਿ 'ਉਜਾੜੇ' ਤੋਂ ਪਹਿਲਾਂ ਸਾਡਾ 'ਭਰੱਪਾ' ਕਿਹੋ ਜਿਹਾ ਹੋਵੇਗਾ? ਕਯੂਮ ਨੇ ਆਪਣੀਆਂ ਗੱਲਾਂ ਦੀ ਸ਼ੁਰੂਆਤ ਤਾਂ ਬਹੁਤ ਖੁਸ਼ਮਿਜਾਜ਼ੀ ਨਾਲ ਕੀਤੀ ਪਰ ਅਚਾਨਕ ਅੱਖਾਂ ਦੇ ਕੋਏ ਅੱਥਰੂਆਂ ਨੂੰ ਸਾਂਭ ਨਾ ਸਕੇ। ਕਯੂਮ ਦਾ ਕਹਿਣਾ ਸੀ ਕਿ "ਸਾਡਾ ਜਗਰਾਵਾਂ ਕੋਲ ਪਿੰਡ ਸਵੱਦੀ ਚੰਗਾ ਖਾਸਾ ਪਰਿਵਾਰ, ਕੰਮਕਾਰ ਸੀ। ਉਜਾੜਾ ਹੋਇਆ ਤਾਂ ਪਾਕਿਸਤਾਨ ਦੇ ਟੋਬਾ ਟੇਕ ਸਿੰਘ ਜਾ ਕੇ ਵਸਣਾ ਪਿਆ। ਮੇਰੇ ਦਾਦਾ ਦਾ ਸਰਦਾਰਾਂ ਨਾਲ ਅੰਤਾਂ ਦਾ ਮੁਲਾਹਜਾ ਸੀ, ਪਿਆਰ ਸੀ। ਦਾਦੇ ਦੀਆਂ ਗੱਲਾਂ 'ਚ ਓਹ ਮੋਹ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹ ਦਸਤਾਰਾਂ ਵਾਲੇ ਤੇ ਉੱਚੇ ਕਿਰਦਾਰਾਂ ਵਾਲੇ ਯਾਰਾਂ ਸਰਦਾਰਾਂ ਦੀ ਯਾਦ 'ਚ ਬਾਹਾਂ ਖੜ੍ਹੀਆਂ ਕਰ ਕਰ ਅੱਲ੍ਹਾ ਅੱਗੇ ਉਹਨਾਂ ਦੀਆਂ ਖੈਰਾਂ ਮੰਗਦਾ। ਜਿੰਨੀ ਦੇਰ ਦਾਦਾ ਨਿਜ਼ਾਮਦੀਨ ਜਿਉਂਦਾ ਰਿਹਾ, ਸਵੱਦੀ ਤੋਂ ਬੰਨ੍ਹ ਕੇ ਲਿਆਂਦੀ ਪੱਗ ਹੀ ਬੰਨ੍ਹਦਾ ਰਿਹਾ। ਕੋਈ ਦੂਜੀ ਪੱਗ ਖਰੀਦੀ ਵੀ ਨਾ"

ਆਪਣੇ ਦਾਦੇ ਦੀਆਂ ਗੱਲਾਂ ਸੁਣਾਉਂਦਾ ਕਯੂਮ ਨੀਵੀਂ ਪਾਈ ਦੁਕਾਨ ਦੇ ਕਾਊਂਟਰ 'ਤੇ ਉਂਗਲ ਨਾਲ ਇਬਾਰਤ ਜਿਹੀ ਲਿਖਦਾ ਮੇਰੇ ਕੋਲੋਂ ਅੱਖਾਂ ਦੇ ਗਿੱਲੇ ਹੋਏ ਕੋਏ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਮਨਦੀਪ ਬਾਈ, ਮੇਰੇ ਅੱਬਾ ਨੂੰ ਦਾਦੇ ਨੇ ਕਹਿਣਾ ਕਿ ਰਫੀਕ ਮੈਨੂੰ ਨਨਕਾਣੇ ਲੈ ਚੱਲ, ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ।"



ਇਸੇ ਤਰ੍ਹਾਂ ਹੀ ਬਾਗੀ ਬਿਰਤੀ ਦੇ ਸ਼ਾਇਰ ਸਲੀਮ ਰਜ਼ਾ ਨੂੰ ਮਿਲਣ ਦਾ ਸਬੱਬ ਬਣਿਆ। ਸਲੀਮ ਰਜ਼ਾ ਦੇ ਪਰਿਵਾਰ ਦਾ ਪਿੱਛਾ ਰਾਏਕੋਟ ਦਾ ਸੀ। ਉਹੀ ਦਰਦ, ਓਹੀ ਆਪਣਿਆਂ ਨੂੰ ਮਿਲਣ ਦੀ ਚਾਹਤ ਸਲੀਮ ਰਜ਼ਾ ਦੀਆਂ ਗੱਲਾਂ 'ਚ ਦੇਖਣ ਨੂੰ ਮਿਲੀ। ਹੈਰਾਨੀ ਉਦੋਂ ਹੋਈ ਜਦੋਂ ਸਲੀਮ ਰਜ਼ਾ ਜੀ ਨੇ ਆਪਣੀ ਉਰਦੂ ਸ਼ਾਇਰੀ ਨੂੰ ਗੁਰਮੁਖੀ 'ਚ ਅਨੁਵਾਦ ਕਰਕੇ ਛਾਪਣ ਲਈ ਭੇਜਿਆ ਤਾਂ ਤਾਕੀਦ ਕਰਦਿਆਂ ਬੋਲੇ, "ਮਨਦੀਪ, ਮੇਰੀ ਇੱਛਾ ਹੈ ਕਿ ਤੁਸੀਂ ਰਚਨਾ ਦੇ ਅਖੀਰ 'ਚ ਮੇਰਾ ਨਾਮ ਸਲੀਮ ਰਜ਼ਾ ਰਾਏਕੋਟੀ ਜ਼ਰੂਰ ਲਿਖਣਾ।"

ਸੂਏ ਕੱਸੀਆਂ 'ਚ ਤੈਰਦੀਆਂ ਲਾਸ਼ਾਂ ਨੂੰ ਬਾਲ ਉਮਰੇ ਤੱਕ ਬੈਠਾ ਸਲੀਮ ਰਜ਼ਾ ਅਜੇ ਵੀ ਉਹ ਭਿਆਨਕ ਤਸਵੀਰਾਂ ਦਿਲ 'ਚ ਸਾਂਭੀ ਬੈਠਾ ਹੈ।

ਅੱਜ ਦੋਵੇਂ ਦੇਸ਼ਾਂ ਦੇ ਹਾਕਮ ਆਜ਼ਾਦੀ ਦਾ ਜਿੰਨਾ ਮਰਜ਼ੀ ਡੌਂਡਕਾ ਪਿੱਟਣ ਪਰ ਉਹ ਸਮਾਂ ਆਜ਼ਾਦੀ ਦਾ ਸੀ ਜਾਂ ਬਰਬਾਦੀ ਦਾ, ਪਿੰਡਿਆਂ 'ਤੇ ਹੰਢਾਉਣ ਵਾਲੇ ਲੋਕ ਹੀ ਜਾਣਦੇ ਹਨ।

ਦੇਸ਼ ਮਹਿੰਗਾਈ, ਭੁੱਖਮਰੀ, ਭ੍ਰਿਸ਼ਟਾਚਾਰ ਦੀ ਦਲਦਲ 'ਚ ਧਸਿਆ ਹੋਵੇ ਤੇ ਲੋਕਾਂ ਨੂੰ ਘਰ ਘਰ ਝੰਡੇ ਲਾਉਣ ਦੇ ਫੁਰਮਾਨ ਸੁਣਾਏ ਜਾ ਰਹੇ ਹੋਣ? ਇਉਂ ਲਗਦੈ ਜਿਵੇਂ ਭੁੱਖੇ ਨੂੰ ਰੋਟੀ ਦੇਣ ਦੀ ਬਜਾਏ ਕਾਗਜ਼ 'ਤੇ ਰੋਟੀ ਦੀ ਤਸਵੀਰ ਬਣਾ ਕੇ ਫੜਾ ਦਿੱਤੀ ਹੋਵੇ।

# ਇਹ ਸੀ ਪਿਛੋਕੜ ਭਾਰਤ-ਪਾਕਿ ਦੀ ਵੰਡ ਦਾ!

ਮਨੀਸ਼ ਤਿਵਾੜੀ

ਕੱਲ੍ਹ ਆਜ਼ਾਦ ਭਾਰਤ 75 ਸਾਲ ਦਾ ਹੋ ਗਿਆ ਸੀ। ਜੇ ਅੰਗਰੇਜ਼ਾਂ ਨੇ ਭਾਰਤ ਦੀ ਵੰਡ ਨਾ ਕੀਤੀ ਹੁੰਦੀ ਤਾਂ ਬੰਗਲਾ ਦੇਸ਼-ਮਿਆਂਮਾਰ ਸਰਹੱਦ ਉੱਤੇ ਪੈਂਦੇ ਟੇਕਨਾਫ ਤੋਂ ਪਾਕਿਸਤਾਨ, ਅਫਗਾਨਿਸਤਾਨ ਸਰਹੱਦ ਉੱਤੇ ਤੋਰਖਮ ਤੱਕ ਇੱਕ ਸਭਿਅਤਾ ਪੱਖੋਂ ਲਗਾਤਾਰਤਾ ਹੁੰਦੀ। ਇੱਕ ਸੱਚਾ ਉਪ ਮਹਾਦੀਪ ਛੋਟਾ ਨਹੀਂ ਹੁੰਦਾ। ਕੀ ਇਹ ਪੂਰਬ ਵਿੱਚ ਬੰਗਾਲ ਅਤੇ ਪੱਛਮ ਵਿੱਚ ਪੰਜਾਬ ਦੇ ਦੋ ਵੱਡੇ ਰਾਜਾਂ ਨਾਲ ਇੱਕ ਪੱਕਾ ਯੂਨਿਟ ਹੁੰਦਾ, ਜੋ ਅਫਗਾਨਿਸਤਾਨ ਸਰਹੱਦ ਨਾਲ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਦੀ ਜੰਗਲੀ ਭੂਮੀ ਵੱਲੋਂ ਤਾਜ ਪਹਿਨ-ਾਇਆ ਜਾਂਦਾ। ਇਹ ਦੇਖ ਕੇ ਕਿ ਵੰਡ ਤੋਂ ਪਹਿਲਾਂ ਭਾਰਤ ਨੂੰ ਮਜ਼ਬੂਤ ਰਾਜਾਂ ਵਾਲੇ ਇੱਕ ਵਜੋਂ ਵਜੋਂ ਸੋਚਿਆ ਗਿਆ ਸੀ, ਪਰ ਕਮਜ਼ੋਰ ਕੇਂਦਰ ਸੀ, ਕੀ ਵੰਡ ਜਾਂ ਸੰਤੁਲਨ ਲਾਜ਼ਮੀ ਤੌਰ ਉੱਤੇ ਹੁੰਦਾ, ਜੇ ਇਹ 1947 ਵਿੱਚ ਨਾ ਹੁੰਦਾ, ਪਰ ਅਜਿਹੇ ਸਮੇਂ ਵਿੱਚ ਜੋ ਭਵਿੱਖ ਵਿੱਚ ਬਹੁਤ ਦੂਰ ਨਹੀਂ ਸੀ, ਜਿਵੇਂ ਕਿ ਪੂਰਬੀ ਪਾਕਿਸਤਾਨ 1971 ਵਿੱਚ ਪੱਛਮੀ ਪਾਕਿਸਤਾਨ ਤੋਂ ਭਿਆਨਕ ਕਤਲੇਆਮ ਦੇ ਬਾਅਦ ਵੱਖ ਹੋ ਗਿਆ ਸੀ।

ਇਹ ਅਤੇ ਏਦਾਂ ਦੇ ਕਈ ਹੋਰ ਸਵਾਲ ਜੋ ਸਮੇਂ ਦੀਆਂ ਲਹਿਰਾਂ ਵਿੱਚ ਬੰਜਰ ਜ਼ਮੀਨ ਵਿੱਚ ਦਫਨ ਹੋਏ ਹਨ, ਅਸੀਂ ਇੱਕ ਸੰਬੰਧਤ ਸਵਾਲ ਪੁੱਛਦੇ ਹਾਂ ਕਿ ਕੀ ਭਾਰਤ ਨੂੰ ਅਸਲ ਵਿੱਚ ਵੰਡ ਦੀ ਲੋੜ ਸੀ? ਕੀ ਹਿੰਦੂ ਅਤੇ ਮੁਸਲਮਾਨ ਅਸਲ ਵਿੱਚ ਵੱਖ-ਵੱਖ ਲੋਕਾਂ ਤੇ ਦੇਸ਼ਾਂ ਨੂੰ ਵੱਖ ਕਰ ਸਕਦੇ ਹਨ ਜਾਂ ਵਿਦਵਾਨਾਂ ਤੇ ਨੇਤਾਵਾਂ ਦੇ ਰੂਪ ਵਿੱਚ ਧਾਰਮਿਕ ਵੰਡ ਵਿੱਚ ਇਕੱਠੇ ਨਹੀਂ ਰਹਿ ਸਕਦੇ? ਕੀ 1000 ਈ ਅਤੇ 1700 ਈਸਵੀ ਦੌਰਾਨ ਮੁਸਲਿਮ ਹਮਲਾਵਰਾਂ ਵੱਲੋਂ ਕੀਤੇ ਸੱਤਰ ਤੋਂ ਵੱਧ ਹਮਲਿਆਂ ਦੇ ਨਤੀਜੇ ਵਜੋਂ ਹਿੰਦੂਆਂ ਅਤੇ ਮੁਸਲਮਾਨਾਂ ਦਾ ਪਾੜਾ ਵਧਿਆ? ਇੱਕ ਚਲਾਕ, ਪਰ ਧਾਰਮਿਕ ਤੌਰ ਉੱਤੇ ਵੱਖ ਸਾਮਰਾਜਵਾਦੀ 'ਫਿਰੰਗੀ' ਅਸਫਲਤਾ ਦੇ ਬਾਅਦ ਭਾਰਤ ਦੇ ਮਾਲਕ ਬਣ ਗਏ।

1857 ਦੀ ਬਗਾਵਤ ਆਜ਼ਾਦੀ ਦਾ ਪਹਿਲਾ ਸੰਗਰਾਮ ਸੀ। 1888 ਵਿੱਚ ਮੇਰਠ ਵਿੱਚ ਸਰ ਸਈਅਦ ਦੇ ਵਿਚਾਰਾਂ ਦੇ ਪ੍ਰਗਟਾਵੇ ਨਾਲ ਸ਼ੁਰੂ ਹੋਈ ਕਥਾ ਅਖੀਰ 1943 ਵਿੱਚ ਨਾਗਪੁਰ ਵਿੱਚ ਸਾਵਰਕਰ ਨੇਸਿਰੇ ਚਾੜ੍ਹੀ। ਇਸ ਨੇ ਦੋ ਦੇਸ਼ਾਂ ਦੇ ਸਿਧਾਂਤ ਲਈ ਬੌਧਿਕ ਅਤੇ ਵਿਚਾਰਕ ਮਿੱਟੀ ਪੇਸ਼ ਕੀਤੀ, ਜੋ 1947 ਵਿੱਚ ਸਿਰੇ ਚੜ੍ਹੀ।ਸਰ ਸਈਅਦ ਅਹਿਮਦ ਖਾਨ ਨੇ 14 ਮਾਰਚ 1888 ਵਿੱਚ ਮੇਰਠ ਵਿੱਚ ਕਿਹਾ, ''ਮੰਨ ਲਓ ਕਿ ਸਾਰੇ ਅੰਗਰੇਜ਼ ਤੇ ਪੂਰੀ ਅੰਗਰੇਜ਼ ਫੌਜ ਨੇ ਆਪਣੀਆਂ ਸਾਰੀਆਂ ਤੋਪਾਂ ਅਤੇ ਆਪਣੇ ਸ਼ਾਨਦਾਰ ਹਥਿਆਰ ਅਤੇ ਸਭ ਕੁਝ ਨਾਲ ਲੈ ਕੇ ਭਾਰਤ ਨੂੰ ਛੱਡ ਦੇਣਾ ਹੈ ਤਾਂ ਭਾਰਤ ਦਾ ਹਾਕਮ ਕੌਣ ਹੋਵੇਗਾ? ਕੀ ਇਨ੍ਹਾਂ ਹਾਲਤਾਂ ਵਿੱਚ ਇਹ ਸੰਭਵ ਹੈ ਕਿ ਦੋ ਕੌਮਾਂ: ਮੁਸਲਮਾਨ ਅਤੇ ਹਿੰਦੂ-ਇੱਕੋ ਸਿੰਘਾਸਨ ਉੱਤੇ ਇਕੱਠੇ ਬੈਠ ਸਕਣ ਅਤੇ ਸੱਤਾ ਵਿੱਚ ਇਕਸਾਰ ਰੂਪ ਨਾਲ ਰਹਿ ਸਕਣ? ਸ਼ਾਇਦ ਨਹੀਂ।''

1908-09 ਵਿੱਚ ਹਿੰਦੂ ਮਹਾਸਭਾ ਦੇ ਪ੍ਰਸਿੱਧ ਨੇਤਾ ਭਾਈ ਪਰਮਾਨੰਦ ਨੇ ਐਲਾਨ ਕੀਤਾ ਕਿ ''ਸਿੰਧ ਤੋਂ ਪਰ੍ਹੇ ਦੇ ਖੇਤਰ ਨੂੰ ਅਫਗਾਨਿਸਤਾਨ ਤੇ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਨਾਲ ਇੱਕ ਮਹਾਨ ਮੁਸਲਿਮ ਸਾਮਰ-ਾਜ ਵਿੱਚ ਇਕਜੁੱਟ ਹੋਣਾ ਚਾਹੀਦਾ ਹੈ। ਇਸ ਖੇਤਰ ਦੇ ਹਿੰਦੂਆਂ ਨੂੰ ਦੂਰ ਆਉਣਾ ਚਾਹੀਦਾ ਹੈ। ਕਿਸੇ ਸਮੇਂ ਮੁਸਲਮਾਨਾਂ ਨੂੰ ਬਾਕੀ ਭਾਰਤ ਵਿੱਚੋਂ ਕੱਢ ਕੇ ਇਸ ਖੇਤਰ ਵਿੱਚ ਉਨ੍ਹਾਂ ਨੂੰ ਵੱਸਣਾ ਚਾਹੀਦਾ ਹੈ।''ਮਹਾਨ ਰਾਸ਼ਟਰਵਾਦੀ ਲਾਲਾ ਲਾਜਪਤ ਰਾਏ ਨੇ 14 ਦਸੰਬਰ 1924 ਨੂੰ ਟ੍ਰਿਬਿਊਨ ਵਿੱਚ ਲਿਖਿਆ, ''ਮੇਰੀ ਯੋਜਨਾ ਹੇਠ ਮੁਸਲਮਾਨਾਂ ਕੋਲ ਚਾਰ ਮੁਸਲਿਮ ਸੂਬੇ ਹੋਣਗੇ (1) ਪਠਾਨ ਸੂਬਾ ਜਾਂ ਉੱਤਰ-ਪੱਛਮੀ ਸਰਹੱਦੀ, (2) ਪੱਛਮੀ ਬੰਗਾਲ, (3) ਸਿੰਧ ਤੇ (4) ਬੰਗਾਲ (ਜੇ ਭਾਰਤ ਦੇ ਕਿਸੇ ਹੋਰ ਹਿੱਸੇ ਵਿੱਚ ਠੋਸ ਮੁਸਲਿਮ ਭਾਈਚਾਰਾ ਹੈ, ਜੋ ਇੱਕ ਸੂਬਾ ਬਣਾਉਣ ਲਈ ਯੋਗ ਤੌਰ ਉੱਤੇ ਵੱਡਾ ਹੈ ਤਾਂ ਉਸ ਨੂੰ ਇਕਸਾਰ ਕੀਤਾ ਜਾਣਾ ਚਾਹੀਦਾ ਹੈ, ਪਰ ਇਹ ਸਪੱਸ਼ਟ ਤੌਰ ਉੱਤੇ ਸਮਝਣਾ ਚਾਹੀਦਾ ਹੈ ਕਿ ਇਹ ਸੰਯੁਕਤ ਭਾਰਤ ਨਹੀਂ ਹੈ। ਇਸ ਦਾ ਮਤਲਬ ਇੱਕ ਸਪੱਸ਼ਟ ਵੰਡ ਹੈ। ਇੱਕ ਮੁਸਲਿਮ ਭਾਰਤ ਅਤੇ ਇੱਕ ਗੈਰ ਮੁਸਲਿਮ ਭਾਰਤ।''




ਸਰ ਮੁਹੰਮਦ ਇਕਬਾਲ ਨੇ 29 ਦਸੰਬਰ 1930 ਨੂੰ ਅਖਿਲ ਭਾਰਤੀ ਮੁਸਲਿਮ ਲੀਗ ਇਲਾਹਾਬਾਦ ਦੇ 25ਵੇਂ ਸੈਸ਼ਨ ਵਿੱਚ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਤਰਕ ਦਿੱਤਾ, ''ਨਿੱਜੀ ਤੌਰ ਉੱਤੇ ਮੈਂ ਇਸ ਵਿੱਚ ਸ਼ਾਮਲ ਮੰਗਾਂ ਤੋਂ ਕਿਤੇ ਵੱਧ ਅੱਗੇ ਵਧਾਂਗਾ। ਮੈਂ ਪੰਜਾਬ, ਉੱਤਰ ਪੱਛਮੀ ਸਰਹੱਦੀ ਸੂਬੇ, ਸਿੰਧ ਅਤੇ ਬਲੋਚਿਸਤਾਨ ਨੂੰ ਇੱਕ ਸੂਬੇ ਵਿੱਚ ਸ਼ਾਮਲ ਹੁੰਦੇ ਦੇਖਣਾ ਚਾਹੁੰਦਾ ਹਾਂ। ਬ੍ਰਿਟਿਸ਼ ਸਾਮਰਾਜ ਦੇ ਅੰਦਰ ਜਾਂ ਬ੍ਰਿਟਿਸ਼ ਸਾਮਰਾਜ ਦੇ ਬਿਨਾਂ ਸਵੈ-ਸ਼ਾਸਨ।''

ਵਿਨਾਇਕ ਦਾਮੋਦਰ ਸਾਵਰਕਰ ਨੇ ਸਾਲ 1937 ਵਿੱਚ ਕਰੁਣਾਵਤੀ ਵਿੱਚ ਹਿੰਦੂ ਮਹਾਸਭਾ ਦੇ 19ਵੇਂ ਸੈਸ਼ਨ ਵਿੱਚ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਸੀ, ''ਅਖੌਤੀ ਫਿਰਕੂ ਸਵਾਲ ਨਹੀਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਸਦੀਆਂ ਤੋਂ ਚਲੇ ਆ ਰਹੇ ਸਭਿਆਚਾਰ, ਧਾਰਮਿਕ ਅਤੇ ਰਾਸ਼ਟਰੀ ਦੁਸ਼ਮਣੀ ਦੀ ਵਿਰਾਸਤ ਹੈ। ਜਦੋਂ ਸਮਾਂ ਪ੍ਰਪੱਕ ਹੋਵੇ ਤਾਂ ਤੁਸੀਂ ਉਨ੍ਹਾਂ ਨੂੰ ਹੱਲ ਕਰ ਸਕਦੇ ਹੋ, ਪਰ ਤੁਸੀਂ ਸਿਰਫ ਉਨ੍ਹਾਂ ਨੂੰ ਪਛਾਨਣ ਤੋਂ ਨਾਂਹ ਕਰ ਕੇ ਉਨ੍ਹਾਂ ਨੂੰ ਦਬਾ ਨਹੀਂ ਸਕਦੇ। ਉਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਤੁਲਨਾ ਵਿੱਚ ਗੂੜ੍ਹੇ ਰੰਗ ਦਾ ਹੱਲ ਅਤੇ ਇਲਾਜ ਕਰਨਾ ਵੱਧ ਸੁਰੱਖਿਅਤ ਹੈ। ਆਓ, ਅਸੀਂ ਬੇਰਹਿਮ ਤੱਥਾਂ ਦਾ ਬਹਾਦਰੀ ਨਾਲ ਸਾਹਮਣਾ ਕਰੀਏ ਜਿਵੇਂ ਉਹ ਹਨ। ਭਾਰਤ ਨੂੰਇਕਾਤਮਕ ਤੇ ਸਜਾਤੀ ਰਾਸ਼ਟਰ ਨਹੀਂ ਮੰਨਿਆ ਜਾ ਸਕਦਾ, ਇਸ ਦੇ ਉਲਟ ਮੁੱਖ ਤੌਰ ਉੱਤੇਭਾਰਤ ਵਿੱਚ ਦੋ ਕੌਮਾਂ ਹਨ, ਹਿੰਦੂ ਅਤੇ ਮੁਸਲਮਾਨ।''

ਮੁਹੰਮਦ ਅਲੀ ਜਿੱਨਾਹ ਨੇ 1940 ਵਿੱਚ ਲਾਹੌਰ ਵਿੱਚ ਮੁਸਲਿਮ ਲੀਗ ਨੂੰ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਸੀ, ''ਹਿੰਦੂ ਤੇ ਮੁਸਲਮਾਨ ਦੋ ਵੱਖ-ਵੱਖ ਧਾਰਮਿਕ ਦਰਸ਼ਨ, ਸਮਾਜਕ ਰੀਤੀ-ਰਿਵਾਜ ਤੇ ਸਾਹਿਤ ਨਾਲ ਸੰਬੰਧਤ ਹਨ। ਉਹ ਨਾ ਅੰਤਰ-ਵਿਆਹ ਕਰਦੇ ਹਨ ਅਤੇ ਨਾ ਇਕੱਠੇ ਭੋਜਨ ਕਰਦੇ ਹਨ, ਅਸਲ ਵਿੱਚ ਦੋ ਵੱਖ-ਵੱਖ ਸਭਿਅਤਾਵਾਂ ਨਾਲ ਸੰਬੰਧਤ ਹਨ, ਜੋ ਮੁੱਖ ਤੌਰ ਉੱਤੇ ਤਾਲਮੇਲ ਵਿਰੋਧੀ ਵਿਚਾਰਾਂ ਅਤੇ ਧਾਰਨਾਵਾਂ ਉੱਤੇ ਆਧਾਰਤ ਹਨ।''

ਅਖੀਰ ਵਿੱਚ ਸਾਵਰਕਰ ਨੇ 15 ਅਗਸਤ 1943 ਨੂੰ ਨਾਗਪੁਰ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਐਲਾਨ ਕੀਤਾ ਕਿ ''ਜਿੱਨਾਹ ਦੇ ਦੋ ਕੌਮਾਂ ਦੇ ਸਿਧਾਂਤ ਨਾਲ ਮੇਰਾ ਝਗੜਾ ਨਹੀਂ, ਅਸੀਂ ਹਿੰਦੂ ਆਪਣੇ ਆਪ ਵਿੱਚ ਇੱਕ ਰਾਸ਼ਟਰ ਹਾਂ ਤੇ ਇਹ ਇਤਿਹਾਸਕ ਤੱਥ ਹੈ ਕਿ ਹਿੰਦੂ ਅਤੇ ਮੁਸਲਮਾਨ ਦੋ ਵੱਖਰੀਆਂ ਕੌਮਾਂ ਹਨ।''

# ਦੱਸੀਂ ਭਾਈ ਡਾਕੀਏ

-ਬਹਾਦਰ ਸਿੰਘ ਗੋਸਲ

ਅੱਜ ਸੰਚਾਰਸਾਧਨਾਂ ਨੇ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਬੈਠੇ, ਰਿਸ਼ਤੇਦਾਰਾਂ, ਮਿੱਤਰਾਂ ਸਾਕ ਸਬੰਧੀਆਂ ਨੂੰ ਬਹੁਤ ਨੇੜੇ ਕਰ ਦਿੱਤਾ ਹੈ, ਕਿਉਂਕਿ ਟੈਲੀਫੋਨ ਤੋਂ ਬਾਅਦ ਹਰ ਵਿਅਕਤੀ ਦੇ ਹੱਥਾਂ ਵਿੱਚ ਮੋਬਾਈਲ ਆ ਗਏ ਹਨ। ਮਿੰਟਾ-ਸਕਿੰਟਾਂ ਵਿੱਚ ਹਜ਼ਾਰਾਂ ਮੀਲ ਦੂਰ ਬੈਠੇ ਆਪਣੇ ਕਿਸੇ ਵੀ ਦੋਸਤ ਨਾਲ ਅਸੀਂ ਗੱਲਬਾਤ ਕਰ ਸਕਦੇ ਹਾਂ। ਕੇਵਲ ਗੱਲ ਹੀ ਨਹੀਂ, ਸਗੋਂ ਉਸ ਦੀ ਫੋਟੋ ਸਾਹਮਣੇ ਦੇਖ ਕੇ ਉਸ ਦੇ ਨਜ਼ਦੀਕ ਬੈਠੇ ਵਿਅਕਤੀ ਵਾਂਗ ਗੱਲਾਂ ਵੀ ਕਰ ਸਕਦੇ ਹਾਂ।

ਜ਼ਰਾ ਸੋਚੋ ਕਿ ਜਦੋਂ 50-60 ਸਾਲ ਪਹਿਲਾਂ ਨਾ ਕੋਈ ਟੈਲੀਫੋਨ ਤੇ ਨਾ ਕੋਈ ਮੋਬਾਈਲ ਹੁੰਦਾ ਸੀ, ਓਦੋਂ ਲੋਕ ਆਪਣੇ ਸਬੰਧੀਆਂ ਨਾਲ ਸੰਪਰਕ ਕਿਵੇਂ ਰੱਖਦੇ ਹੋਣਗੇ? ਸੰਪਰਕ ਉਦੋਂ ਵੀ ਸੀ, ਪਰ ਉਦੋਂ ਇਹ ਕੰਮ ਡਾਕੀਏ ਕਰਦੇ ਸਨ। ਜੇ ਕਿਸੇ ਨੂੰ ਸੁੱਖ-ਦੁੱਖ ਦੀ ਕੋਈ ਖ਼ਬਰ ਛੇਤੀ ਪੁਚਾਉਣੀ ਹੁੰਦੀ ਤਾਂ ਡਾਕ-ਤਾਰ ਮਨੁੱਖੀ ਸਮਾਜ ਦੀ ਸੇਵਾ ਵਿੱਚ ਹੁੰਦੀ ਸੀ ਤੇ ਕਿਹਾ ਜਾਂਦਾ ਹੈ ਕਿ ਡਾਕ-ਤਾਰ ਜਾਂ ਚਿੱਠੀਆਂ ਦੇ ਜ਼ਮਾਨੇ ਤੋਂ ਪਹਿਲਾਂ ਲੋਕ ਹੱਥ ਲਿਖਤ ਸੁਨੇਹੇ ਕਬੂਤਰਾਂ ਰਾਹੀਂ ਖਾਸ ਜਾਣਕਾਰਾਂ ਨੂੰ ਭੇਜਦੇ ਸਨ। ਇਸੇ ਕਾਰਨ ਬਾਦਸ਼ਾਹ ਜਾਂ ਰੱਜੇ-ਪੁੱਜੇ ਲੋਕ ਆਪਣੇ ਘਰ ਕਬੂਤਰ ਪਾਲਦੇ ਸਨ, ਜਿਨ੍ਹਾਂ ਤੋਂ ਚਿੱਠੀਆਂ ਭੇਜਣ ਦਾ ਕੰਮ ਲਿਆ ਜਾਂਦਾ ਸੀ। ਤਦੇ ਪੰਜਾਬੀ ਸੱਭਿਆਚਾਰ ਵਿੱਚ ਕਬੂਤਰ ਇੰਨੇ ਹਰਮਨ ਪਿਆਰੇ ਹੋ ਗਏ ਕਿ ਉਨ੍ਹਾਂ ਦਿਨਾਂ ਵਿੱਚ ਮੁਟਿਆਰਾਂ ਦੂਰ ਬੈਠੇ ਢੋਲ ਨੂੰ ਕਬੂਤਰਾਂ ਰਾਹੀਂ ਸੁੱਖ ਸੁਨੇਹਾ ਭੇਜਦੀਆਂ ਸਨ ਤੇ ਹਰ ਮੁਟਿਆਰ ਦੇ ਬੁੱਲਾਂ ਉੱਤੇ ਹੁੰਦੇ ਸਨ ਇਹ ਬੋਲ-

*ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ*
*ਛੇਤੀ-ਛੇਤੀ ਉਡ ਕੇ, ਤੂੰ ਜਾਈਂ ਵੇ ਕਬੂਤਰਾ*

ਜਦੋਂ ਫਿਰ ਡਾਕਖਾਨਿਆਂ ਦੀ ਸਥਾਪਨਾ ਹੋ ਗਈ ਤਾਂ ਕਬੂਤਰਾਂ ਰਾਹੀਂ ਸੁਨੇਹੇ ਭੇਜਣ ਦਾ ਚਾਅ ਡਾਕ ਵਾਲੀਆਂ ਚਿੱਠੀਆਂ ਨੇ ਲੈ ਲਿਆ। ਮੁਟਿਆਰਾਂ ਕਬੂਤਰਾਂ ਉੱਤੇ ਨਹੀਂ, ਸਰਕਾਰੀ ਡਾਕੀਏ ਉੱਤੇ ਟੇਕ ਲਾ ਕੇ ਰੱਖਦੀਆਂ। ਉਨ੍ਹਾਂ ਦਿਨਾਂ ਵਿੱਚ ਪੰਜਾਬ ਦੇ ਪਿੰਡਾਂ ਵਿੱਚੋਂ ਗੱਭਰੂ ਅਕਸਰ ਫ਼ੌਜ ਵਿੱਚ ਭਰਤੀ ਹੁੰਦੇ ਸਨ ਅਤੇ ਓਥੇ ਉਨ੍ਹਾਂ ਦੀ ਡਿਊਟੀ ਦੂਰ-ਦੂਰ ਥਾਵਾਂ ਉੱਤੇ ਹੁੰਦੀ ਸੀ। ਸਾਲ ਵਿੱਚ ਇੱਕ ਵਾਰ ਛੁੱਟੀ ਮਿਲਦੀ, ਬਾਕੀ ਸਾਰਾ ਸਾਲ ਚਿੱਠੀਆਂ-ਪੱਤਰਾਂ ਰਾਹੀਂ ਹੀ ਘਰ-ਪਰਵਾਰ ਦੀ ਸੁੱਖ-ਸਾਂਦ ਮਿਲਦੀ ਰਹਿੰਦੀ। ਉਨ੍ਹਾਂ ਦੀਆਂ ਘਰਵਾਲੀਆਂ ਆਮ ਤੌਰ ਉੱਤੇ ਅਨਪੜ੍ਹ ਜਾਂ ਘੱਟ ਪੜ੍ਹੀਆਂ-ਲਿਖੀਆਂ ਹੁੰਦੀਆਂ ਸਨ, ਇਸ ਲਈ ਉਨ੍ਹਾਂ ਨੂੰ ਚਿੱਠੀਆਂ ਲਿਖਣ-ਪੜ੍ਹਨ ਵਿੱਚ ਮੁਸ਼ਕਿਲਾਂ ਆਉਂਦੀਆਂ ਸਨ, ਪਰ ਫੌਜੀ ਦੀ ਚਿੱਠੀ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੀਆਂ ਸਨ। ਬੜੀ ਉਤਸੁਕਤਾ ਨਾਲ ਉਹ ਡਾਕੀਏ ਦਾ ਰਸਤਾ ਤੱਕਦੀਆਂ। ਉਸ ਸਮੇਂ ਉਨ੍ਹਾਂ ਨੂੰ ਉਹ ਖਾਕੀ ਵਰਦੀ ਅਤੇ ਮੋਢੇ ਥੈਲਾ ਲਟਕਾਈ ਡਾਕੀਆ ਕਿਸੇ ਫਰਿਸ਼ਤੇ ਤੋਂ ਘੱਟ ਨਾ ਲੱਗਦਾ। ਇਨ੍ਹਾਂ ਚਿੱਠੀਆਂ ਦੇ ਆਦਾਨ-ਪ੍ਰਦਾਨ ਨੇ ਪੰਜਾਬੀ ਸੱਭਿਆਚਾਰ ਨੂੰ ਅਜਿਹੀ ਰੰਗਤ ਦਿੱਤੀ ਕਿ ਅੱਜ ਭਾਵੇਂ ਚਿੱਠੀਆਂ ਅਲੋਪ ਰਹੀਆਂ ਹਨ, ਸੱਭਿਆਚਾਰਕ ਰੰਗੀਨੀ ਉਸੇ ਤਰ੍ਹਾਂ ਬਣੀ ਹੋਈ ਹੈ।

ਕਿਸੇ ਮੁਟਿਆਰ ਦੇ ਢੋਲ ਵੱਲੋਂ ਦੂਰ ਜਾ ਕੇ ਨੌਕਰੀ ਕਰਨ ਸਮੇਂ ਭਾਵੇਂ ਉਹ ਮੁਟਿਆਰ ਉਸ ਨੂੰ ਨੌਕਰੀ ਤੋਂ ਰੋਕ ਨਹੀਂ ਸੀ ਸਕਦੀ, ਪਰ ਉਹ ਆਪਣੇ ਪਿਆਰ ਨੂੰ ਚਿੱਠੀਆਂ ਰਾਹੀਂ ਦਰਸਾਉਣਾ ਚਾਹੁੰਦੀ ਅਤੇ ਕਹਿ ਦਿੰਦੀ ਸੀ-

*ਵੇ ਮੈਂ ਚਿੱਠੀਆਂ ਕਿੱਧਰ ਨੂੰ ਪਾਵਾਂ*
*ਜਾਂਦਾ ਹੋਇਆ ਦੱਸ ਨਾ ਗਿਆ।*

ਕਿਸੇ ਵੀ ਜੰਗ ਵੇਲੇ ਤਾਂ ਫ਼ੌਜੀ ਵੀਰਾਂ ਦੀਆਂ ਵਹੁਟੀਆਂ ਦੀ ਜਾਨ ਨਿਕਲੀ ਰਹਿੰਦੀ ਸੀ, ਉਹ ਹਰ ਸਮੇਂ ਆਪਣੇ ਫ਼ੌਜੀ ਦੀ ਸੁੱਖ ਸਾਂਦ ਦੀ ਖ਼ਬਰ ਲੈਣ ਲਈ ਚਿੱਠੀ ਦੀ ਉਡੀਕ ਵਿੱਚ ਲੱਗੀਆਂ ਰਹਿੰਦੀਆਂ। ਜੋ ਕਦੇ ਕਿਸੇ ਫ਼ੌਜੀ ਕੋਈ ਚਿੱਠੀ ਆਉਂਦੀ ਤਾਂ ਉਸ ਦੀ ਘਰਵਾਲੀ ਉਸ ਚਿੱਠੀ ਨੂੰ ਸੀਨੇ ਨਾਲ ਲਾ ਕੇ ਰੱਖਦੀ। ਉਨ੍ਹਾਂ ਦਿਨਾਂ ਵਿੱਚ ਇਹ ਗੀਤ ਬੜਾ ਮਸ਼ਹੂਰ ਹੋਇਆ ਸੀ-

*ਨੀਂ ਮੈਂ ਚਿੱਠੀ ਆਂ ਲਦਾਖੋਂ ਆਈ*
*ਖੋਲ੍ਹ ਕੇ ਪੜ੍ਹ ਲੈ ਗੋਰੀਏ*
*ਸੀਨੇ ਨਾਲ ਲਾ ਲੈ ਗੋਰੀਏ।*

ਕਈ ਵਾਰ ਨਵ-ਵਿਆਹੀ ਵਹੁਟੀ ਆਪਣੇ ਪ੍ਰਦੇਸੀ ਢੋਲ ਦੀ ਚਿੱਠੀ ਨੂੰ ਬਹੁਤ ਕਾਹਲੀ ਪੈ ਜਾਂਦੀ, ਕਿਉਂਕਿ ਚਿੱਠੀ ਤੋਂ ਉਸ ਨੂੰ ਦਿਲਾਸਾ ਮਿਲ ਜਾਂਦਾ ਸੀ। ਇਸ ਲਈ ਜਦੋਂ ਵੀ ਉਹ ਡਾਕੀਏ ਨੂੰ ਦੇਖਦੀ ਤਾਂ ਦੌੜ ਕੇ ਪੁੱਛਦੀ-

*ਦੱਸੀਂ ਭਾਈ ਡਾਕੀਏ*
*ਕੋਈ ਚਿੱਠੀ ਢੋਲ ਦੀ ਆਈ।*

ਜਦੋਂ ਚਿੱਠੀ ਆਉਂਦੀ ਤਾਂ ਨੌਕਰ ਦੇ ਘਰਵਾਲੀ ਦੀ ਸਦਾ ਤਮੰਨਾ ਹੁੰਦੀ ਕਿ ਕੋਈ ਅਜਿਹੀ ਚਿੱਠੀ ਵੀ ਆਵੇ, ਜੋ ਕੇਵਲ ਉਸ ਲਈ ਹੋਵੇ ਅਤੇ ਉਸਦੇ ਨਾਂ ਉੱਤੇ ਹੀ ਆਵੇ, ਇਸ ਲਈ ਉਹ ਵਾਰ ਵਾਰ ਕਹਿੰਦੀ-

*ਤੇਰੀ ਚਿੱਠੀ ਨੂੰ ਫਰੇਮ ਮੜ੍ਹਾਵਾਂ*
*ਵੇ ਮੇਰੇ ਨਾਂ ਉੱਤੇ ਪਾ ਨੌਕਰਾ।*

ਅਨਪੜ੍ਹ ਘਰਵਾਲੀਆਂ ਨੂੰ ਇਸ ਗੱਲ ਦਾ ਵੀ ਝੋਰਾ ਰਹਿੰਦਾ ਕਿ ਉਹ ਆਪ ਚਿੱਠੀਆਂ ਨਹੀਂ ਲਿਖ ਸਕਦੀਆਂ ਅਤੇ ਦੂਜੇ ਕੋਲੋਂ ਚਿੱਠੀ ਲਿਖਵਾ ਕੇ ਆਪਣੇ ਹਾਣੀ ਨੂੰ ਦਿਲ ਦਾ ਪੂਰਾ ਹਾਲ ਲਿਖ ਭੇਜਣ, ਇਸੇ ਕਰਕੇ ਹੀ ਉਹ ਪੰਜਾਬੀ ਸਿੱਖਣ ਦਾ ਯਤਨ ਕਰਦੀ ਅਤੇ ਆਪਣੇ ਢੋਲ ਨੂੰ ਵੀ ਦੱਸਣਾ ਚਾਹੁੰਦੀ-

*ਤੈਨੂੰ ਚਿੱਠੀਆਂ ਲਿਖਣ ਦੀ ਮਾਰੀ*
*ਉੜਾ, ਐੜਾ ਪੜ੍ਹਾਂ ਮਿੱਤਰਾਂ।*



ਕਈ ਵਾਰ ਕਿਸੇ ਕਾਰਨ ਡਾਕਖਾਨਾ ਕਈ ਕਈ ਦਿਨ ਬੰਦ ਰਹਿੰਦਾ ਤਾਂ ਚਿੱਠੀ ਪਾਉਣ ਜਾਂ ਆਉਣ ਦਾ ਸਿਲਸਿਲਾ ਵੀ ਲਟਕ ਜਾਂਦਾ, ਪਰ ਮਾਹੀ ਦੇ ਪਿਆਰ ਵਿੱਚ ਭਿੱਜੀ ਮੁਟਿਆਰ ਕਹਿ ਦਿੰਦੀ-

*ਪੈਣਾ ਪਾਲਣਾ ਕਬੂਤਰ ਚੀਨਾ*
*ਡਾਕਘਰ ਬੰਦ ਹੋ ਗਿਆ।*

ਪੰਜਾਬੀ ਮੁਟਿਆਰਾਂ ਦੇ ਗਿੱਧਿਆਂ ਦੇ ਪਿੜਾਂ ਵਿੱਚ ਵੀ ਬੋਲੀਆਂ ਸਮੇਂ ਚਿੱਠੀ ਕੋਈ ਨਾ ਕੋਈ ਸੱਭਿਆਚਾਰਕ ਰੰਗ ਦਿਖਾ ਹੀ ਦਿੰਦੀ, ਜਦੋਂ ਕੋਈ ਮਟਿਆਰ ਆਪਣੇ ਘਰ ਚਿੱਠੀਆਂ ਨਾਲ ਭਰੇ ਆਲੇ ਦੀ ਗੱਲ ਕਰਦੀ ਹੋਈ ਬੋਲੀ ਪਾਉਂਦੀ-

*ਚਿੱਠੀਆਂ ਲਿਖਕੇ ਭਰ ਗਿਆ ਆਲਾ*
*ਚਿੱਠੀਆਂ ਨੂੰ ਲੱਗ ਗਿਆ ਜਾਲਾ।*
*ਬਈ ਚਿੱਠੀਆਂ ਰੋ ਉਠੀਆਂ*
*ਦਿਓ ਛੜਿਆਂ ਨੂੰ ਦੇਸ਼ ਨਿਕਾਲਾ।*

ਜਦੋਂ ਇੱਕ ਅਨਪੜ੍ਹ ਮੁਟਿਆਰ ਆਪਣੇ ਵਿਆਹ ਤੋਂ ਬਾਅਦ ਆਪਣੇ ਘਰਵਾਲੇ ਨੂੰ ਕਹਿੰਦੀ ਕਿ ਉਹ ਪੜ੍ਹਨਾ ਚਾਹੁੰਦੀ ਹੈ ਤਾਂ ਇਸ ਲਈ ਉਸ ਨੂੰ ਇੱਕ ਕਾਇਦਾ ਲੈ ਕੇ ਦੇਵੇ, ਘਰਵਾਲੇ ਦਾ ਵਹਿਮੀ ਦਿਮਾਗ਼ ਕੁਝ ਹੋਰ ਸੋਚਦਾ ਹੈ ਤੇ ਉਸ ਨੂੰ ਪੜ੍ਹਨ ਤੋਂ ਮਨ੍ਹਾ ਕਰਦਾ ਹੋਇਆ ਕਹਿੰਦਾ ਹੈ-

*ਜੇ ਤੂੰ ਗੋਰੀਏ ਨੀਂ ਪੜ੍ਹ ਜਾਏਂਗੀ*
*ਚਿੱਠੀਆਂ ਬਿਗਾਨਿਆਂ ਨੂੰ ਲਿਖ ਪਾਵੇਂਗੀ।*

ਕਹਿਣ ਦਾ ਭਾਵ ਕਿ ਉਸ ਦਾ ਘਰਵਾਲਾ ਵੀ ਆਪਣਾ ਡਰ ਚਿੱਠੀਆਂ ਰਾਹੀਂ ਦੱਸਦਾ ਹੈ। ਵਿਗਿਆਨ ਨੇ ਤਰੱਕੀ ਕੀਤੀ ਕਿ ਮੋਬਾਈਲ ਉੱਤੇ ਗੱਲ ਕਰਨਾ ਅਤੇ ਵੱਟਸਐਪ ਰਾਹੀਂ ਸੁਨੇਹਾ ਭੇਜਣਾ ਆਸਾਨ ਹੋ ਗਿਆ ਹੈ। ਚਿੱਠੀ ਪੱਤਰ ਆਉਣੇ ਲੋਕ ਭੁੱਲ ਹੀ ਗਏ।ਸੱਚਾਈ ਇਹ ਹੈ ਕਿ ਜਦੋਂ ਤੋਂ ਟੈਲੀਫੋਨ ਆਏ ਹਨ, ਲੋਕਾਂ ਨੇ ਚਿੱਠੀਆਂ ਲਿਖਣੀਆਂ ਹੀ ਬੰਦ ਕਰ ਦਿੱਤੀਆਂ ਹਨ।

ਅੱਜ ਭਾਵੇਂ ਹਰ ਕੋਈ ਮੋਬਾਈਲ ਉੱਤੇ ਗੱਲ ਕਰ ਲੈਂਦਾ ਹੈ ਤੇ ਕੋਈ ਸੁੱਖ-ਸੁਨੇਹਾ ਮੋਬਾਈਲ ਰਾਹੀਂ ਸਾਂਝਾ ਕਰ ਲੈਂਦਾ ਹੈ, ਪਰ ਜੋ ਆਨੰਦ ਪੁਰਾਣੇ ਸਮਿਆਂ ਵਿੱਚ ਚਿੱਠੀਆਂ ਲਿਖਣ ਜਾਂ ਪੜ੍ਹਨ ਦਾ ਹੁੰਦਾ ਸੀ, ਉਹ ਖ਼ਤਮ ਹੋ ਗਿਆ ਹੈ।

# ਸਾਰੀਆਂ ਸਮੱਸਿਆਵਾਂ ਦੀ ਅੰਮਾ...

ਨੂਰ ਸੰਤੋਖਪੁਰੀ

ਬੇਫਿਕਰੀ ਵਿੱਚ ਜੀਣ ਵਾਲਾ ਅਤੇ ਆਪਣੀ ਮਸਤੀ ਵਿੱਚ ਮਸਤ ਰਹਿਣ ਵਾਲਾ ਹਸਤੀ ਚੰਦ ਪਿਛਲੇ ਕੁਝ ਦਿਨਾਂ ਤੋਂ ਬੜਾ ਫਿਕਰਮੰਦ ਵਿਖਾਈ ਦੇ ਰਿਹਾ ਸੀ। ਹਰ ਵਕਤ ਹਾਸੇ-ਮਜ਼ਾਕ ਦੀਆਂ ਗੱਲਾਂ ਕਰਨ ਵਾਲੇ ਖੁਸ਼-ਤਬੀਅਤ ਹਸਤੀ ਚੰਦ ਉੱਤੇ ਸਾਨੂੰ ਸ਼ੱਕ ਹੋਇਆ ਕਿ ਕਿਤੇ ਉਹਦੀ ਤਬੀਅਤ ਨਾਸਾਜ਼ ਨਾ ਹੋ ਹੋਵੇ? ਅਸੀਂ ਇੱਕ ਦਿਨ ਉਸ ਨੂੰ ਪੁੱਛ ਲਿਆ, ''ਕੀ ਹੋਇਆ ਹਸਤੀ ਚੰਦ? ਅੱਜਕੱਲ੍ਹ ਹਾਸੇ ਠੱਠੇ ਦੀ ਕੋਈ ਗੱਲ ਨਹੀਂ ਕਰਦਾ, ਤੇਰੀ ਤਬੀਅਤ ਤਾਂ ਠੀਕ ਏ?''

ਉਹ ਸਾਡੇ ਨੇੜੇ ਬੈਠਾ ਹੋਇਆ ਉਦਾਸੀ-ਭਰੀ ਆਵਾਜ਼ ਵਿੱਚ ਬੋਲਿਆ, ''ਧਾਨੁਕ ਦਾਸ, ਆਪਾਂ ਇੱਕ ਸਾਲ ਵਿੱਚ ਚੀਨ ਨੂੰ ਪਿਛਾਂਹ ਛੱਡ ਦੇਣਾ ਏ ਅਤੇ ਸਾਡੀ ਬੀਨ ਵੱਜਣ ਵਾਲੀ ਹੈ।''

''ਵਾਹ! ਇਹ ਤਾਂ ਬਹੁਤ ਵਧੀਆ ਗੱਲ ਏ। ਸਾਨੂੰ ਖੁਸ਼ ਹੋਣਾ ਚਾਹੀਦੈ ਕਿ ਸਾਡਾ ਦੇਸ਼ ਹਰ ਖੇਤਰ ਵਿੱਚ ਤਰੱਕੀ ਕਰ ਰਿਹਾ ਏ।''

ਹਸਤੀ ਚੰਦ ਨੇ ਕਿਹਾ: ''ਇਹ ਗੱਲ ਨਹੀਂ, ਜਿਸ ਖੇਤਰ ਵਿੱਚ ਤਰੱਕੀ ਨਹੀਂ ਕਰਨੀ ਚਾਹੀਦੀ, ਅਸੀਂ ਉਸ ਵਿੱਚ ਵੀ ਬਹੁਤ ਤਰੱਕੀ ਕਰੀ ਜਾਂਦੇ ਹਾਂ ਅਤੇ ਇਸ ਖੇਤਰ ਵਿੱਚ ਅਸੀਂ ਚੀਨ ਨੂੰ ਇੱਕ ਵਰ੍ਹੇ ਵਿੱਚ ਪਿੱਛੇ ਛੱਡਣ ਵਾਲੇ ਹਾਂ। ਖੁਦ 'ਪਟਾਕ' ਕਰ ਕੇ ਚਿੱਤ ਹੋਣ ਵਾਲੇ ਹਾਂ।''

''ਯਾਰ, ਹਸਤੀ ਚੰਦ! ਤੈਨੂੰ ਅਸੀਂ ਬਹੁਤ ਖੁਸ਼-ਤਬੀਅਤ ਆਦਮੀ ਮੰਨਦੇ ਆਂ, ਤੂੰ ਬੁਝਾਰਤਾਂ ਨਾ ਪਾ, ਸਿੱਧੀ ਤਰ੍ਹਾਂ ਦੱਸ ਛੱਡ ਕਿ ਮਾਜਰਾ ਕੀ ਏ?'' ਸਾਡਾ ਦਿਲ ਸੱਚਮੁੱਚ ਘਬਰਾਉਣ ਲੱਗ ਪਿਆ।

''ਧਾਨੁਕ ਦਾਸ, ਸਾਡੇ ਦੇਸ਼ ਦੇ ਨੇਤਾ ਆਪੋ-ਆਪਣੀ ਧੁਨ ਵਿੱਚ ਰਾਜਨੀਤੀ ਕਰੀ ਜਾਂਦੇ ਨੇ ਤੇ ਮੁਲਕ ਦੀ ਆਬਾਦੀ ਦਿਨ ਦੁੱਗਣੀ, ਰਾਤ ਚੌਗੁਣੀ ਵਧੀ ਜਾਂਦੀ ਏ। ਕਾਸ਼! ਸਾਡੇ ਦੇਸ਼ ਵਿੱਚ ਕੋਈ ਰਾਤ ਨਾ ਹੁੰਦੀ। ਪਿਛਲੇ ਕਈ ਦਹਾਕਿਆਂ ਤੋਂ ਇੱਥੇ ਪਰਵਾਰ ਨਿਯੋਜਨ ਦਾ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਹੋਈ ਜਾਂਦੈ, ਇਸ ਦਾ ਕੁਝ ਤਾਂ ਅਸਰ ਹੋਇਆ ਈ ਹੋਣੈ, ਪਰ ਕੁਝ ਨਹੀਂ ਹੋਇਆ, ਬਹੁਤ ਸਾਰੇ ਲੋਕ ਅਜਿਹੇ ਨੇ, ਜਿਹੜੇ ਪਰਵਾਰ ਨਿਯੋਜਨ ਉੱਤੇ ਜ਼ੋਰ ਲਾਉਂਦੇ ਨੇ ਅਤੇ ਪ੍ਰਚਾਰ ਦੇ ਰੌਲੇ ਵੱਲ ਧਿਆਨ ਨਹੀਂ ਦਿੰਦੇ।''

''ਹਸਤੀ ਚੰਦ, ਇਹ ਤਾਂ ਵਾਕਿਆ ਸਾਡੇ ਲਈ ਫਿਕਰ ਵਾਲੀ ਤੇ ਸੋਚ-ਵਿਚਾਰ ਕਰਨ ਵਾਲੀ ਗੱਲ ਏ।''

''ਸਿਰਫ ਕੁਝ ਲੋਕਾਂ ਵੱਲੋਂ ਚਿੰਤਾ ਤੇ ਸੋਚ-ਵਿਚਾਰ ਕਰਨ ਨਾਲ ਸਭ ਸਮੱਸਿਆਵਾਂ ਦੀ ਅੰਮਾ 'ਵਧਦੀ ਆਬਾਦੀ' ਦੀ ਸਮੱਸਿਆ ਹੱਲ ਨਹੀਂ ਹੋਣ ਵਾਲੀ। ਸਾਡੇ ਸਿਆਸੀ ਆਗੂਆਂ ਨੂੰ 'ਪੁਚ-ਪੁਚ' ਪੁਚਕ-ਾਰਨ, ਦੁਲਾਰਨ ਵਾਲੀ ਸਿਆਸਤ ਨੂੰ ਹੱਲ ਕਰਨ ਲਈ ਸਖਤ ਤੇ ਠੋਸ ਨੀਤੀ ਅਤੇ ਯੋਜਨਾ ਬਣਾਉਣੀ ਪੈਣੀ ਏਂ।''

ਹਸਤੀ ਚੰਦ ਕੁਝ ਪਲ ਖਾਮੋਸ਼ ਰਹਿਣ ਤੋਂ ਬਾਅਦ ਬੋਲਿਆ, ''ਚੀਨ ਨੇ ਇੱਕ ਬੱਚਾ ਪੈਦਾ ਕਰਨ ਦਾ ਸਖਤ ਕਾਨੂੰਨ ਬਣਾਇਆ ਤੇ ਦੇਸ਼ ਦੀ ਆਬਾਦੀ ਜ਼ਿਆਦਾ ਵਧਣ ਨਹੀਂ ਦਿੱਤੀ। ਉਹ ਮੁਲਕ 'ਪੁਚ ਪੁਚ' ਕਰਨ ਦੀ ਥਾਂ ਜਨਤਾ ਨੂੰ ਡੰਡੇ ਨਾਲ ਸਮਝਾਉਣਾ ਜਾਣਦਾ ਹੈ।''

''ਹਾਂ, ਸੁਣਿਆ ਤੇ ਪੜ੍ਹਿਆ ਅਸੀਂ ਵੀ ਐ। ਸਾਡੇ ਨੇਤਾਵਾਂ, ਯੋਜਨਾਘਾੜਿਆਂ, ਨੀਤੀਵਾਨਾਂ ਨੂੰ ਵੀ ਵੱਧ ਬੱਚੇ ਪੈਦਾ ਕਰਨ ਵਾਲਿਆਂ ਨੂੰ 'ਘੜਨ', 'ਛਾਂਗਣ' ਦੇ ਸਖਤ ਕਾਨੂੰਨ, ਯੋਜਨਾਵਾਂ ਅਤੇ ਨੀਤੀਆਂ ਬਣਾਉਣੀਆਂ ਚਾਹੀਦੀਆਂ ਨੇ।''

''ਧਾਨੁਕ ਦਾਸ, ਸਿਰ ਪਿੱਟਣ ਵਾਲੀ ਗੱਲ ਇਹ ਹੈ ਕਿ ਭਾਰਤ ਦੀ ਆਬਾਦੀਚੀਨ ਨੂੰ ਪਿੱਛੇ ਛੱਡ ਦੇਵੇਗੀ। ਜੇ ਠੋਸ ਹੱਲ ਨਾ ਲੱਭਿਆ, ਸਖਤ ਕਾਨੂੰਨ ਨਾ ਬਣਾਇਆ ਗਿਆ, ਤਾਂ ਸੰਨ 2050 ਵਿੱਚ ਭਾਰਤਵਾਸੀ 166.8 ਕਰੋੜ ਹੋ ਜਾਵਾਂਗੇ ਅਤੇ ਚੀਨੀ ਹੋਰ ਘੱਟ ਕੇ 131.7 ਕਰੋੜ ਰਹਿ ਜਾਣਗੇ।

''ਯਾਰ, ਹਸਤੀ ਚੰਦ! ਕੋਰੋਨਾ ਮਹਾਮਾਰੀ ਦੀਆਂ ਲਹਿਰਾਂ ਵਿੱਚ ਵੀ ਕਈ ਚੀਨੀ ਲੋਕ ਵਹਿ ਗਏ ਨੇ। ਇਸ ਨਾਲ ਵੀ ਫਰਕ ਪਿਆ ਹੋਣੈਂ।''

''ਅਸੀਂ ਹੋਰ ਦੇਸ਼ਾਂ ਨਾਲ ਅਨੇਕ ਖੇਤਰਾਂ ਵਿੱਚ ਮੁਕਾਬਲਾ ਕਰਦਿਆਂ ਅੱਗੇ ਅੱਗੇ ਵਧਣਾ ਏ, ਪਰ ਮੁਲਕ ਦੀ ਵਧੀ ਜਾਂਦੀ ਆਬਾਦੀ ਦੇ ਖੇਤਰ ਵਿੱਚ ਤਰੱਕੀ ਕਰਨ ਦੀ ਲੋੜ ਨਹੀਂ। ਇਸ ਤਰੱਕੀ ਦਾ ਕੀ ਫਾਇਦਾ, ਜੋ ਜੀਅ ਦਾ ਜੰਜਾਲ ਬਣ ਜਾਵੇ। ਸ਼ੁਕਰ ਏ ਕਿ ਨਾ ਤੂੰ ਵਿਆਹ ਕਰਵਾਇਆ ਅਤੇ ਨਾ ਅਸੀਂ ਫੇਰੇ ਲਏ। ਸਾਡੇ ਦੋਵਾਂ ਤੋਂ ਵੱਡਾ ਦੇਸ਼-ਪ੍ਰੇਮੀ ਤੇ ਸੱਚਾ ਸਮਾਜ ਸੇਵਕ ਦੂਸਰਾ, ਤੀਸਰਾ ਜਾਂ ਚੌਥਾ ਆਦਮੀ ਨਹੀਂ ਹੋ ਸਕਦਾ। ਸਰਕਾਰ ਤੇ ਸਮਾਜ ਨੂੰ ਚਾਹੀਦੈ ਕਿ ਉਹ ਸਾਰੇ ਛੜਿਆਂ ਦਾ ਮਾਣ-ਸਨਮਾਨ ਕਰੇ। ਇਨ੍ਹਾਂ ਨੂੰ ਨੌਕਰੀਆਂ ਵਿੱਚ ਰਾਖਵਾਂਕਰਨ ਦੇਵੇ।''

# ਕੈਨਬਰਾ ਹਵਾਈ ਅੱਡੇ ਉਤੇ ਗੋਲੀਆਂ ਚਲਾਉਣ ਵਾਲਾ ਗ੍ਰਿਫਤਾਰ

* ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇ ਆਧਾਰ ਉੱਤੇ ਜਾਂਚ ਜਾਰੀ



ਕੈਨਬਰਾ, 16 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਦੇ ਕੈਨਬਰਾ ਹਵਾਈ ਅੱਡੇ ਉੱਤੇ ਟਰਮੀਨਲ ਦੀ ਇਮਾਰਤ ਉਤੇ ਪਰਸੋਂ ਗੋਲੀਆਂ ਚਲਾਉਣ ਵਾਲੇ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਦੇਸ਼ ਦੀ ਕੈਪੀਟਲ ਟੈਰੀਟਰੀ (ਏ ਸੀ ਟੀ) ਪੁਲੀਸਿੰਗ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰਨ ਤੋਂ ਕੁਝ ਸਮੇਂ ਬਾਅਦ ਇੱਕ ਹਥਿਆਰ ਮਿਲਿਆ। ਪੁਲਸ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਗਈ ਅਤੇ ਮੰਨਿਆ ਜਾ ਰਿਹਾ ਹੈ ਕਿ ਫੜਿਆ ਗਿਆ ਦੋਸ਼ੀ ਇਕੱਲਾ ਇਸ ਘਟਨਾ ਲਈ ਜ਼ਿੰਮੇਵਾਰ ਸੀ। ਏ ਸੀ ਟੀ ਪੁਲੀਸਿੰਗ ਦੇ ਡਿਟੈਕਟਿਵ ਐਕਟਿੰਗ ਸੁਪਰਡੈਂਟ ਡੇਵ ਕਰਾਫਟ ਨੇ ਦੱਸਿਆ, ‘‘ਕੈਨਬਰਾ ਹਵਾਈ ਅੱਡੇ ਨੂੰ ਚੌਕਸੀ ਵਜੋਂ ਖਾਲੀ ਕਰਾਇਆ ਸੀ, ਪਰ ਹਵਾਈ ਅੱਡੇ ਉੱਤੇ ਸਥਿਤੀ ਕਾਬੂ ਹੇਠ ਹੈ। ਕਿਸੇ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।''

ਉਨ੍ਹਾਂ ਦੱਸਿਆ ਕਿ ਦੋਸ਼ੀ ਵਿਅਕਤੀ ਸਥਾਨਕ ਸਮੇਂ ਮੁਤਾਬਕ ਲਗਭਗ 1.30 ਵਜੇ ਹਵਾਈ ਅੱਡੇ ਵਿੱਚ ਆਇਆ ਅਤੇ ਜਾਣ ਵਾਲੇ ਯਾਤਰੀਆਂ ਦੀ ਚੈਕਿੰਗ ਵਾਲੇ ਸਥਾਨ ਨੇੜੇ ਬੈਠ ਗਿਆ। ਕੁਝ ਸਮੇਂ ਬਾਅਦ ਉਸ ਨੇ ਟਰਮੀਨਲ ਦੇ ਸ਼ੀਸ਼ੇ ਉੱਤੇ ਗੋਲੀਆਂ ਚਲਾਈਆਂ। ਲੋਕਾਂ ਜਾਂ ਸਟਾਫ ਵਿੱਚੋਂ ਕਿਸੇ ਨੂੰ ਗੋਲੀ ਨਹੀਂ ਲੱਗੀ। ਪ੍ਰਧਾਨ ਮੰਤਰੀ ਐਂਥਨੀ ਐਲਬਾਨੀਜ਼ ਨੇ ਆਸਟਰੇਲੀਅਨ ਫੈਡਰਲ ਪੁਲਸ ਤੋਂ ਇਸ ਬਾਰੇ ਜਾਣਕਾਰੀ ਲਈ ਤੇ ਕਿਹਾ, ‘‘ਮੈਨੂੰ ਦੱਸਿਆ ਗਿਆ ਹੈ ਕਿ ਇੱਕ ਜਣੇ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਉਥੇ ਕੋਈ ਖਤਰਾ ਨਹੀਂ ਹੈ।''

# ਖਜ਼ਾਨਾ ਮੰਤਰੀ ਸੀਤਾਰਮਨ ਸਣੇ 11 ਭਾਰਤੀਆਂ ਦੇ ਖਿਲਾਫ ਅਮਰੀਕਾ ਵਿੱਚ ਪਟੀਸ਼ਨ

ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੇ ਅਮਰੀਕੀ ਤੇ ਦੇਵਾਸ ਕੰਪਨੀ ਦੇ ਬਾਨੀ ਰਾਮਚੰ-ਦਰਨ ਵਿਸ਼ਵਨਾਥਨ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਸਮੇਤ 11 ਭਾਰਤੀਆਂ ਦੇ ਖਿਲਾਫ ਭ੍ਰਿਸ਼ਟਾਚਾਰ ਤੇ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ ਲਾ ਕੇ ਆਰਥਿਕ ਤੇ ਵੀਜ਼ਾ ਪਾਬੰਦੀਆਂ ਲਾਉਣ ਦੀ ਮੰਗ ਕੀਤੀ ਹੈ।



ਰਾਮਚੰਦਰਨ ਵਿਸ਼ਵਨਾਥਨ ਨੇ ਇਸ ਸਬੰਧ ਵਿੱਚ ਗਲੋਬਲ ਮੈਗਨਿਸਸਕੀ ਹਿਊਮਨ ਰਾਈਟਸ ਅਕਾਊਂਟੇਬਿਲਟੀ ਐਕਟ ਹੇਠ ਅਮਰੀਕੀ ਵਿਦੇਸ਼ ਵਿਭਾਗ ਵਿੱਚ ਪਟੀਸ਼ਨ ਦਾਖਲ ਕੀਤੀ ਹੈ। ਇਹ ਪਟੀਸ਼ਨ ਭਾਰਤ ਸਰਕਾਰ ਅਤੇ ਦੇਵਾਸ ਵਿਚਕਾਰ ਚੱਲਦੀ ਜੰਗ ਦਾ ਹਿੱਸਾ ਹੈ ਜਿਸ ਹੇਠ ਸਮਝੌਤੇ ਲਈ ਇੱਕ ਅਰਬ ਡਾਲਰ ਦੀ ਮੰਗ ਕੀਤੀ ਗਈ ਹੈ। ਸੀਤਾਰਮਨ ਤੋਂ ਇਲਾਵਾ ਐਂਟਰਿਕਸ਼ ਦੇ ਸੀ ਈ ਓ ਰਾਕੇਸ਼ ਸ਼ਸ਼ੀਭੂਸ਼ਣ, ਸੁਪਰੀਮ ਕੋਰਟ ਦੇ ਦੋ ਜੱਜਾਂ, ਆਸ਼ੀਸ਼ ਪਾਰਿਖ (ਸੀ ਬੀ ਆਈ), ਸੰਜੇ ਕੁਮਾਰ ਮਿਸ਼ਰਾ, ਆਰ ਰਾਜੇਸ਼ ਅਤੇ ਏ ਸਦੀਕ ਮੁਹੰਮਦ ਨਾਇਜ਼ਨਾਰ (ਸਾਰੇ ਈ ਡੀ ਅਧਿਕਾਰੀ) ਖਿਲਾਫ ਵੀ ਪਟੀਸ਼ਨ ਦਾਖਲ ਕੀਤੀ ਗਈ ਹੈ। ਇਹ ਐਕਟ ਅਮਰੀਕੀ ਸਰਕਾਰ ਨੂੰ ਉਨ੍ਹਾਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਅਤੇ ਆਗੂਆਂ ਬਾਰੇ ਕਾਰਵਾਈ ਦਾ ਅਧਿਕਾਰ ਦਿੰਦਾ ਹੈ, ਜੋ ਗੰਭੀਰ ਮਨੁੱਖੀ ਹੱਕਾਂ ਦੀ ਉਲੰਘਣਾ ਕਰਦੇ ਹਨ। ਅਜਿਹੇ ਆਗੂਆਂ ਦੀ ਜਾਇਦਾਦ ਜ਼ਬਤ ਕਰਨ ਦੇ ਨਾਲ ਉਨ੍ਹਾਂ ਦੇ ਅਮਰੀਕਾ ਵਿੱਚ ਦਾਖਲੇ ਉੱਤੇ ਪਾਬੰਦੀ ਲੱਗ ਸਕਦੀ ਹੈ।

ਵਿੱਤ ਮੰਤਰੀ ਸੀਤਾਰਮਨ ਨੇ ਇਸ ਕਾਰੇ ਲਈ ਪਿਛਲੀ ਕਾਂਗਰਸ ਸਰਕਾਰ ਉੱਤੇ ਦੋਸ਼ ਮੜ੍ਹਿਆ ਅਤੇ ਕਿਹਾ ਹੈ ਕਿ ਕੇਂਦਰ ਕੌਮਾਂਤਰੀ ਸਾਲਸੀ ਫੈਸਲੇ ਨੂੰ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਚੁਣੌਤੀ ਦੇਵੇਗਾ, ਜਿਸ ਨੇ ਕੌਮੀ ਕੰਪਨੀ ਲਾਅ ਟ੍ਰਿਬਿਊਨਲ ਦੇ ਹੁਕਮਾਂ ਨੂੰ ਬਹਾਲ ਰੱਖ ਕੇ ਪ੍ਰਮੋਟਰਾਂ ਨੂੰ ਕੰਪਨੀ ਸਮੇਟ ਲੈਣ ਲਈ ਕਿਹਾ ਸੀ ਕਿਉਂਕਿ ਐਂਟਰਿਕਸ ਨਾਲ ਸਮਝੌਤੇ ਵਿੱਚ ਘਪਲਾ ਹੋਇਆ ਸੀ। ਯੂ ਪੀ ਏ ਸਰਕਾਰ ਵੱਲੋਂ ਦੇਵਾਸ ਤੇ ਇਸਰੋ ਦੀ ਕੰਪਨੀ ਐਂਟਰਿਕਸ ਵਿਚਾਲੇ ਹੋਏ ਸੌਦੇ ਨੂੰ ਰੱਦ ਕਰਨ ਮਗਰੋਂ ਨਿਵੇਸ਼ਕਾਂ ਨੇ ਕੌਮਾਂਤਰੀ ਟ੍ਰਿਬਿਊਨਲ ਵਿੱਚ ਤਿੰਨ ਕੇਸ ਕੀਤੇ ਸਨ। ਭਾਰਤ ਸਰਕਾਰ ਇਹ ਸਾਰੇ ਕੇਸ ਹਾਰ ਗਈ ਸੀ, ਪਰ ਵਿਸ਼ਵਨਾਥਨ ਨੇ ਦਿੱਲੀ ਦੇ ਖਿਲਾਫ ਲੋਹਾ ਕੈਨੇਡਾ ਵਿੱਚ ਏਅਰ ਇੰਡੀਆ ਦੀ ਜਾਇਦਾਦ ਅਤੇ ਫਰਾਂਸ ਵਿੱਚ ਭਾਰਤ ਸਰਕਾਰ ਦੀ ਪ੍ਰਾਪਰਟੀ ਉੱਤੇ ਦਾਅਵਾ ਕੀਤਾ ਸੀ। ਭਾਰਤ ਸਰਕਾਰ ਨੂੰ ਕੇਅਰਨਜ਼ ਐਨਰਜੀ ਨਾਲ ਜੁੜੇ ਇੱਕ-ਇੱਕ ਕੇਸ ਵਿੱਚ ਅੱਠ ਹਜ਼ਾਰ ਕਰੋੜ ਰੁਪਏ ਮੋੜਨੇ ਪੈ ਰਹੇ ਹਨ ਅਤੇ ਮੈਗਨਿਟਸਕੀ ਪਟੀਸ਼ਨ ਵੀ ਇਸੇ ਇਰਾਦੇ ਨਾਲ ਪਾਈ ਗਈ ਹੈ, ਜਿਸ ਦਾ ਵੱਡਾ ਅਸਰ ਪੈ ਸਕਦਾ ਹੈ।

## ਰਸ਼ਦੀ ਉੱਤੇ ਹਮਲੇ ਨਾਲ ਪੱਛਮੀ ਦੇਸ਼ ਜਾਗ ਜਾਣ, ਈਰਾਨ ਉੱਤੇ ਰੋਕ ਲਾਉਣ ਦਾ ਸਮਾਂ ਹੈ: ਸੁਨਕ



ਲੰਡਨ, 16 ਅਗਸਤ (ਪੋਸਟ ਬਿਊਰੋ)- ਬ੍ਰਿਟਿਸ਼ ਪ੍ਰਧਾਨ ਮੰਤਰੀ ਅਹੁਦੇ ਦੇ ਦਾਅਵੇਦ-ਾਰ ਰਿਸ਼ੀ ਸੁਨਕ ਨੇ ਕੱਲ੍ਹ ਕਿਹਾ ਕਿ ਮਸ਼ਹੂਰ ਲੇਖਕ ਸਲਮਾਨ ਰਸ਼ਦੀ ਉੱਤੇ ਹੋਏ ਹਮਲੇ ਬਾਰੇ ਈਰਾਨ ਖ਼ਿਲਾਫ਼ ਸਖ਼ਤ ਪਾਬੰਦੀ ਲਾਉਣ ਅਤੇ ਉਸ ਦੀ ਫ਼ੌਜੀ ਯੂਨਿਟ ਨੂੰ ਵਰਜਿਤ ਕਰਨ ਲਈ ਪੱਛਮੀ ਦੇਸ਼ਾਂ ਨੂੰ ਜਗਾਉਣ ਦੀ ਲੋੜ ਹੈ।

ਆਪਣੇ ਦੇਸ਼ ਦੇ ਸਾਬਕਾ ਚਾਂਸਲਰ ਰਿਸ਼ੀ ਸੁਨਕ ਨੇ ਕਿਹਾ ਕਿ ਈਰਾਨ ਨਾਲ ਹੋਏ ਪ੍ਰਮਾਣੂ ਸਮਝੌਤੇ ਬਹਾਲ ਕਰਨ ਦੀ ਕੋਸ਼ਿਸ਼ ਬੇਕਾਰ ਹੋ ਸਕਦੀ ਹੈ ਅਤੇ ਇਸ ਲਈ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰਡ ਦੇ ਖ਼ਿਲਾਫ਼ ਕਾਰਵਾਈ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਸੁਨਕ ਦਾ ਬਿਆਨ ਓਦੋਂ ਆਇਆ ਹੈ ਜਦੋਂ ਰਸ਼ਦੀ ਉੱਤੇ ਹਮਲੇ ਦੇ ਸ਼ੱਕੀ ਦੋਸ਼ੀ ਹਾਦੀ ਮਟਰ ਦੇ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਗਿਆ ਤੇ ਬਿਨਾਂ ਜ਼ਮਾਨਤ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਸ਼ੁਰੂ ਦੀ ਜਾਂਚ ਵਿੱਚ ਸੰਕੇਤ ਮਿਲੇ ਹਨ ਕਿ ਉਹ ਸ਼ੀਆ ਕੱਟੜਪੰਥ ਅਤੇ ਰਿਵੋਲਿਊਸ਼ਨਰੀ ਗਾਰਡ ਪ੍ਰਤੀ ਹਮਦਰਦੀ ਰੱਖਦਾ ਸੀ। ਸੁਨਕ ਨੇ ਕਿਹਾ, ‘‘ਈਰਾਨ ਵਿੱਚ ਸਥਿਤੀ ਬਹੁਤ ਗੰਭੀਰ ਹੈ ਅਤੇ ਅਸੀਂ ਵਲਾਦਿਮੀਰ ਦੇ ਆਹਮੋ-ਸਾਹਮਣੇ ਖੜ੍ਹੇ ਹੋਣ ਕਾਰਨ ਕਿਤੇ ਹੋਰ ਤੋਂ ਨਜ਼ਰ ਨਹੀਂ ਹਟਾ ਸਕਦੇ।'' ਉਨ੍ਹਾਂ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਯੂਕ੍ਰੇਨ-ਰੂਸ ਜੰਗ ਬਾਰੇ ਕਿਹਾ, ‘‘ਪ੍ਰਮਾਣੂ ਹਥਿਆਰਾਂ ਨਾਲ ਸੰਪੰਨ ਈਰਾਨ ਸਾਡੇ ਭਾਈਵਾਲ ਇਸਰਾਈਲ ਦੇ ਲਈ ਖਤਰਾ ਹੋ ਸਕਦਾ ਹੈ ਅਤੇ ਆਪਣੀ ਬੈਲਿਸਟਿਕ ਮਿਜ਼ਾਈਲ ਸਮਰੱਥਾ ਨਾਲ ਪੂਰੇ ਯੂਰਪ ਨੂੰ ਸੰਕਟ ਵਿੱਚ ਪਾ ਸਕਦਾ ਹੈ।'' ਸੁਨਕ ਨੇ ਕਿਹਾ ਕਿ ਸਾਨੂੰ ਨਵਾਂ ਅਤੇ ਮਜਬੂਤ ਸਮਝੌਤਾ ਕਰਨਾ ਚਾਹੀਦਾ ਤੇ ਵੱਧ ਸਖ਼ਤ ਪਾਬੰਦੀ ਲਾਉਣੀ ਚਾਹੀਦੀ ਹੈ।

## ਟੀ ਐਮ ਸੀ ਪਾਰਲੀਮੈਂਟ ਮੈਂਬਰ ਨੇ ਆਲੋਚਨਾ ਤੋਂ ਖਿਝ ਕੇ ਵਿਵਾਦਮਈ ਬਿਆਨ ਦਾਗ ਦਿੱਤਾ

* ਕਹਿੰਦਾ: ਆਲੋਚਕਾਂ ਦੇ ਚੰਮ ਦੀਆਂ ਜੁੱਤੀਆਂ ਬਣਾਈਆਂ ਜਾਣਗੀਆਂ




ਕੋਲਕਾਤਾ, 16 ਅਗਸਤ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਟੀਚਰ ਭਰਤੀ ਘੋਟਾਲੇ ਵਿੱਚ ਸਾਬਕਾ ਮੰਤਰੀ ਪਾਰਥ ਚੈਟਰਜੀ ਅਤੇ ਪਸ਼ੂ ਤਸਕਰੀ ਮਾਮਲੇ ਵਿੱਚ ਬਾਹੂਬਲੀ ਆਗੂ ਅਨੁਬ੍ਰਤ ਮੰਡਲ ਦੀ ਗ੍ਰਿਫਤਾਰੀ ਪਿੱਛੋਂ ਭਾਜਪਾ ਲਗਾਤਾਰ ਸੱਤਾਧਾਰੀ ਪਾਰਟੀ ਟੀ ਐਮ ਸੀ ਅਤੇ ਮਮਤਾ ਸਰਕਾਰ ਖਿਲਾਫ ਹਮਲਾਵਰ ਹੈ। ਵਿਰੋਧੀ ਧਿਰ ਦੀ ਆਲੋਚਨਾ ਤੋਂ ਨਾਰਾਜ਼ ਟੀ ਐਮ ਸੀ ਆਗੂ ਧਮਕੀਆਂ ਦੇ ਰਹੇ ਹਨ ਅਤੇ ਵਿਵਾਦਮਈ ਟਿੱਪਣੀਆਂ ਕਰਨੋਂ ਵੀ ਨਹੀਂ ਝਿਜਕਦੇ।

ਇਸੇ ਲੜੀ ਵਿੱਚ ਟੀ ਐਮ ਸੀ (ਤ੍ਰਿਣਮੂਲ ਕਾਂਗਰਸ) ਦੇ ਪਾਰਲੀਮੈਂਟ ਮੈਂਬਰ ਸੌਗਤ ਰਾਏ ਨੇ ਜਿੱਥੇ ਆਲੋਚਕਾਂ ਦੀ ਚਮੜੀ ਨਾਲ ਜੁੱਤੀਆਂ ਬਣਵਾਉਣ ਦੀ ਗੱਲ ਕਹੀ, ਉਥੇ ਵਿਧਾਇਕ ਮਦਨ ਮਿੱਤਰਾ ਨੇ ਆਲੋਚਕਾਂ ਨੂੰ ਡੰਡੇ ਨਾਲ ਜਵਾਬ ਦੇਣ ਦੀ ਗੱਲ ਕਹੀ ਹੈ। ਸੌਗਤ ਰਾਏ ਨੇ ਉਤਰੀ 24 ਪਰਗਨਾ ਦੇ ਕਮਰਹੱਟੀ ਵਿੱਚ ਪਾਰਟੀ ਪ੍ਰੋਗਰਾਮ ਵਿੱਚ ਵਰਕਰਾਂ ਨੂੰ ਸੰਬੋਧਨ ਕਰਦੇ ਵਕਤ ਵਿਰੋਧੀ ਧਿਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਆਲੋਚਕਾਂ ਦੇ ਚੰਮ ਦੀਆਂ ਜੁੱਤੀਆਂ ਬਣਵਾਈਆਂ ਜਾਣਗੀਆਂ। ਬਾਅਦ ਵਿੱਚ ਆਪਣੇ ਬਿਆਨ ਦੀ ਸਫਾਈ ਵਿੱਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮੁਹਾਵਰੇ ਦੀ ਵਰਤੋਂ ਕੀਤੀ ਸੀ। ਉਨ੍ਹਾਂ ਮੰਨਿਆ ਕਿ ਉਨ੍ਹਾਂ ਨੂੰ ਇਹ ਨਹੀਂ ਕਹਿਣਾ ਚਾਹੀਦਾ ਸੀ। ਓਧਰ ਕਮਰਹੱਟੀ ਤੋਂ ਤ੍ਰਿਣਮੂਲ ਵਿਧਾਇਕ ਮਦਨ ਮਿੱਤਰਾ ਨੇ ਵਿਰੋਧੀ ਧਿਰ ਨੂੰ ਧਮਕੀ ਦਿੱਤੀ ਤੇ ਤ੍ਰਿਣਮੂਲ ਦੇ ਵਰਕਰਾਂ ਨੂੰ ਆਲੋਚਕਾਂ ਨੂੰ ਡੰਡੇ ਨਾਲ ਜਵਾਬ ਦੇਣ ਲਈ ਕਿਹਾ ਅਤੇ ਇੱਥੋਂ ਤਕ ਕਿਹਾ ਕਿ ਡੰਡੇ ਦੀ ਸਪਲਾਈ ਉਹ ਖੁਦ ਕਰਨਗੇ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸ੍ਰੀਰਾਮਪੁਰ ਤੋਂ ਪਾਰਟੀ ਦੇ ਐਮ ਪੀ ਕਲਿਆਣ ਬੈਨਰਜੀ ਨੇ ਕਿਹਾ ਸੀ ਕਿ ਪਾਰਟੀ ਦੀ ਪ੍ਰਧਾਨ ਮਮਤਾ ਬੈਨਰਜੀ ਨੇ ‘ਬਦਲਾ ਨਯ, ਬਦਲ ਚਾਈ' (ਬਦਲਾ ਨਹੀਂ, ਬਦਲਾਅ ਚਾਹੀਦਾ ਹੈ) ਦਾ ਨਾਅਰਾ ਦਿੱਤਾ ਸੀ। ਉਨ੍ਹਾਂ ਨੂੰ ਬਦਲਾ ਚਾਈ ਕਹਿਣਾ ਚਾਹੀਦਾ ਸੀ। ਇਸ ਤੋਂ ਇਲਾਵਾ ਚੁੰਚੁੜਾ ਤੋਂ ਤ੍ਰਿਣਮੂਲ ਦੇ ਵਿਧਾਇਕ ਅਸਿਤ ਮਜੂਮਦਾਰ ਨੇ ਵੀ ਕਿਹਾ ਸੀ ਕਿ ਤ੍ਰਿਣਮੂਲ ਦੇ ਕੌਮੀ ਜਨਰਲ ਸੈਕਟਰੀ ਅਭਿਸ਼ੇਕ ਬੈਨਰਜੀ ਬਾਰੇ ਘਟੀਆ ਪ੍ਰਚਾਰ ਕਰਨ ਵਾਲੇ ਲੋਕਾਂ ਨੂੰ ਕੁਟਾਪਾ ਚਾੜ੍ਹਿਆ ਜਾਵੇਗਾ। ਬੀਰਭੂਮ ਦੇ ਇਲਮਬਾਜ਼ਾਰ ਦੇ ਤ੍ਰਿਣਮੂਲ ਆਗੂ ਦੁਲਾਲ ਰਾਏ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਕੋਈ ਗੁੜ-ਪਤਾਸਾ ਵੰਡੇਗਾ ਤਾਂ ਉਸ ਦੀ ਪਿੱਠ ਉੱਤੇ ਡੰਡੇ ਪੈਣਗੇ। ਦੂਜੇ

## ਰਾਸ਼ਟਰਪਤੀ ਮੁਰਮੂ ਦਾ ਦੇਸ਼ ਦੇ ਨਾਂ ਸੰਬੋਧਨ:

# ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰੱਥਾ ਦਾ ਪਤਾ ਲਾਉਣ ਵਿੱਚ ਮੱਦਦ ਕੀਤੀ

ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਭਾਰਤ ਦੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾਕਹਿਣਾ ਹੈ ਕਿ ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰੱਥਾ ਦਾ ਪਤਾ ਲਾਉਣ ਵਿੱਚ ਮਦਦ ਕੀਤੀ ਹੈ।



75ਵੇਂ ਆਜ਼ਾਦੀ ਦਿਹਾੜੇ ਦੀ ਅਗੇਤੀ ਸ਼ਾਮ ਰਾਸ਼ਟਰ ਦੇ ਨਾਂ ਆਪਣੇ ਪਹਿਲੇ ਸੰਬੋਧਨ ਵਿੱਚ ਰਾਸ਼ਟਰਪਤੀ ਦ੍ਰੋਪਦੀਮੁਰਮੂ ਨੇ ਕਿਹਾ ਕਿ ਪ੍ਰਮੁੱਖ ਆਰਥਿਕ ਸੁਧਾਰ ਦੇ ਨਾਲ ਨਵੀਨਤਾਕਾਰੀ ਤੇ ਕਲਿਆਣਕਾਰੀ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਏ ਦੁਨੀਆ ਨੇ ‘ਪਿਛਲੇ ਸਾਲਾਂ ਵਿੱਚ ਨਵੇਂ ਭਾਰਤ ਨੂੰ ਵਿਕਸਿਤ ਹੁੰਦਿਆਂ ਦੇਖਿਆ ਹੈ, ਖਾਸ ਕਰਕੇ ਕੋਵਿਡ-19 ਮਹਾਮਾਰੀ ਦੇ ਕਹਿਰ ਤੋਂ ਬਾਅਦ।' ਉਨ੍ਹਾ ਕਿਹਾ ਕਿ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਦੁਨੀਆ ਦੇ ਕਈ ਨੇਤਾ ਅਤੇ ਮਾਹਰ ਗਰੀਬੀ ਅਤੇ ਅਨਪੜ੍ਹਤਾ ਦੇ ਕਾਰਨ ਭਾਰਤ ਵਿੱਚ ਸਰਕਾਰ ਦੇ ਲੋਕਤੰਤਰਿਕ ਰੂਪ ਦੀ ਸਫਲਤਾ ਬਾਰੇ ਸ਼ੰਕੇ ਵਿੱਚ ਸਨ। ਉਨ੍ਹਾਂ ਕਿਹਾ,‘ਅਸੀਂ ਭਾਰਤੀਆਂ ਨੇ ਸ਼ੱਕ ਪ੍ਰਗਟਾਉਣ ਵਾਲੇ ਲੋਕਾਂ ਨੂੰ ਗਲਤ ਸਾਬਤ ਕੀਤਾ ਹੈ। ਇਸ ਮਿੱਟੀ ਵਿੱਚ ਨਾ ਸਿਰਫ਼ ਲੋਕਤੰਤਰ ਦੀਆਂ ਜੜ੍ਹਾਂ ਵਧੀਆਂ, ਸਗੋਂ ਖੁਸ਼ਹਾਲ ਵੀ ਹੋਈਆਂ।''

ਆਪਣੇ 17 ਮਿੰਟ ਦੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਵਿਸ਼ਵ ਵਿੱਚ ਚੱਲਦੀ ਆਰਥਿਕ ਤੰਗੀ ਦੇ ਬਾਵਜੂਦ ਭਾਰਤ ਦੀ ਆਰਥਿਕਤਾ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਸਿਹਰਾ ਸਰਕਾਰਾਂ ਤੇ ਨੀਤੀ ਘਾੜਿਆਂ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਵਿਕਾਸ ਵਧੇਰੇ ਸਮਾਵੇਸ਼ੀ ਹੁੰਦਾ ਜਾ ਰਿਹਾ ਹੈ ਅਤੇ ਖੇਤਰੀ ਅਸਮਾਨਤਾਵਾਂ ਵੀ ਘੱਟ ਹੋ ਰਹੀਆਂ ਹਨ।

# ਭਾਰਤ-ਪਾਕਿ ਵੰਡ ਦੌਰਾਨ ਜਾਨਾਂ ਗਵਾਉਣ ਵਾਲਿਆਂ ਨੂੰ ਪ੍ਰਧਾਨ ਮੰਤਰੀ ਵੱਲੋਂ ਸ਼ਰਧਾਂਜਲੀ

ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਹੋਰ ਸੀਨੀਅਰ ਆਗੂਆਂ ਨੇ ਬਟਵਾਰੇ ਦੌਰਾਨ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਇਤਿਹਾਸ ਦੇ ਉਸ ਦੁਖਦਾਈ ਸਮੇਂ ਦੌਰਾਨ ਦੁੱਖ ਝੱਲਣ ਵਾਲੇ ਲੋਕਾਂ ਦੀ ਸਹਿਣਸ਼ੀਲਤਾ ਦੇ ਨਾਲ-ਨਾਲ ਉਨ੍ਹਾਂ ਦੇ ਜਜ਼ਬੇ ਦੀ ਵੀ ਸ਼ਲਾਘਾ ਕੀਤੀ। ਬਟਵਾਰੇ ਦੇ ਦੁਖਾਂਤਕ ਯਾਦਗਾਰੀ ਦਿਵਸ ਮੌਕੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਜੰਤਰ ਮੰਤਰ ਵਿਖੇ ਮੌਨ ਮਾਰਚ ਦੀ ਅਗਵਾਈ ਵੀ ਕੀਤੀ, ਜਿਸ ਵਿੱਚ ਕੇਂਦਰੀ ਮੰਤਰੀਆਂ ਪਿਊਸ਼ ਗੋਇਲ, ਅਨੁਰਾਗ ਠਾਕੁਰ ਸਮੇਤ ਪਾਰਟੀ ਦੇ ਕਈ ਆਗੂਆਂ ਨੇ ਸ਼ਮੂਲੀਅਤ ਕੀਤੀ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ 14 ਅਗਸਤ ਨੂੰ ਦੇਸ਼ ਦੇ ਬਟਵਾਰੇ ਦੀ ਤ੍ਰਾਸਦੀ ਯਾਦਗਾਰੀ ਦਿਵਸ ਰੂਪ ਵਿੱਚ ਮਨਾਇਆ ਜਾਵੇਗਾ।



ਇਸ ਮੌਕੇ ਨਰਿੰਦਰ ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਵੰਡ ਦੀ ਤ੍ਰਾਸਦੀ ਯਾਦਗਾਰੀ ਦਿਨ ਮੈਂ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੂੰ ਬਟਵਾਰੇ ਵੇਲੇ ਜਾਨਾਂ ਗਵਾਉਣੀਆਂ ਪਈਆਂ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਭਾਰਤ ਦੇ ਇਤਿਹਾਸ ਦੇ ਅਣਮਨੁੱਖੀ ਅਧਿਆਇ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

# ਪਟਨਾ ਸਾਹਿਬ ਦੇ ਜਥੇਦਾਰ ਦੀ ਦਰਬਾਰ ਸਾਹਿਬ ਵਿੱਚ ਸੇਵਾਦੀ ਰੋਕ ਲਾਈ ਗਈ

* ਸੰਗਤਾਂ ਵੱਲੋਂ ਜਥੇਦਾਰ ਉੱਤੇ ਮਰਿਆਦਾ ਭੰਗ ਕਰਨ ਦਾ ਦੋਸ਼



ਪਟਨਾ, 16 ਅਗਸਤ (ਪੋਸਟ ਬਿਊਰੋ)- ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿੱਚ ਦਾਨ ਵਿੱਚ ਮਿਲੇ ਗਹਿਣਿਆਂ ਦੀ ਗੁਣਵੱਤਾ ਉੱਤੇ ਉਠਿਆ ਵਿਵਾਦ ਵਧਦਾ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਤੇ ਜਨਰਲ ਸੈਕਟਰੀ ਇੰਦਰਜੀਤ ਸਿੰਘ ਨੇ ਸੰਗਤਾਂ ਦੀ ਮੰਗ ਉੱਤੇ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ-ਮਸਕੀਨ ਨੂੰ ਦਰਬਾਰ ਸਾਹਿਬ ਵਿੱਚ ਕੰਮ ਕਰਨ ਉੱਤੇ ਰੋਕ ਲਾ ਦਿੱਤੀ ਹੈ।

ਕੱਲ੍ਹ ਸੰਗਤਾਂ ਨੇ ਇੱਕ ਬੈਠਕ ਕਰ ਕੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਏ-ਮਸਕੀਨ ਨੂੰ ਗੁਰੂ ਘਰ ਵਿੱਚ ਮਿਲਦੀਆਂ ਸਹੂਲਤਾਂ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਸੰਗਤਾਂ ਨੇ ਦਾਨ ਦੀ ਰਾਸ਼ੀ ਤਖਤ ਸਾਹਿਬ ਵਿੱਚ ਦਾਨ ਕਰਨ ਦੀ ਅਪੀਲ ਕੀਤੀ ਹੈ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਕੰਪਲੈਕਸ ਵਿੱਚ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸੈਕਟਰੀ ਐਮ ਪੀ ਐਸ ਢਿੱਲੋਂ ਦੀ ਪ੍ਰਧਾਨਗੀ ਅਤੇ ਸਾਬਕਾ ਸਕੱਤਰ ਰਾਜਾ ਸਿੰਘ ਦੇ ਹਾਜ਼ਰੀ ਵਿੱਚ ਸੰਗਤਾਂ ਦੀ ਬੈਠਕ ਦੌਰਾਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਜਨਰਲ ਸੈਕਟਰੀ ਵੱਲੋਂ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੂੰ ਦੋਸ਼ਮੁਕਤ ਹੋਣ ਤਕ ਦਰਬਾਰ ਸਾਹਿਬ ਵਿੱਚ ਕੰਮ ਕਰਨ ਅਤੇ ਕਥਾ ਤੋਂ ਰੋਕਣ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ। ਸੰਗਤਾਂ ਨੇ ਫੈਸਲਾ ਕੀਤਾ ਕਿ ਜਥੇਦਾਰ ਨੂੰ ਮਿਲੀ ਵਾਈ ਪਲੱਸ ਸੁਰੱਖਿਆ ਵੀ ਵਾਪਸ ਲੈਣ ਦੀ ਮੰਗ ਗ੍ਰਹਿ ਮੰਤਰਾਲੇ ਤੋਂ ਕੀਤੀ ਜਾਵੇਗੀ। ਜਥੇਦਾਰ ਉੱਤੇ ਗੁਰੂ ਘਰ ਦੀ ਮਰਿਆਦਾ ਭੰਗ ਕਰਨ ਦਾ ਦੋਸ਼ ਲਾਇਆ ਗਿਆ ਹੈ।

# ਉਘੇ ਸ਼ੇਅਰ ਕਾਰੋਬਾਰੀ ਰਾਕੇਸ਼ ਝੁਨਝੁਨਵਾਲਾ ਦਾ ਦਿਹਾਂਤ

ਮੁੰਬਈ, 16 ਅਗਸਤ (ਪੋਸਟ ਬਿਊਰੋ)- ਭਾਰਤ ਦੇ ਸ਼ੇਅਰ ਬਾਜ਼ਾਰ ਦੇ ਉਘੇ ਨਿਵੇਸ਼ਕ ਰਾਕੇਸ਼ ਝੁਨਝੁਨਵਾਲਾ ਦਾ ਪਰਸੋਂ ਇੱਥੇ ਦਿਹਾਂਤ ਹੋ ਗਿਆ। ਉਹ 62 ਸਾਲਾਂ ਦੇ ਸਨ। ਉਨ੍ਹਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਸੀ।



ਦਲਾਲ ਸਟਰੀਟ ਦੇ ‘ਬਿਗ ਬੁਲ' ਵਜੋਂ ਜਾਣੇ ਜਾਂਦੇ ਰਾਕੇਸ਼ ਨੇ ਆਪਣਾ ਕਾਰੋਬਾਰ ਖੁਦ ਖੜ੍ਹਾ ਕੀਤਾ ਸੀ ਅਤੇ ਸ਼ੇਅਰ ਬਾਜ਼ਾਰ ਵਿੱਚ ਨਿਵੇਸ਼ ਦੇ ਵੱਡੇ ਕਾਰੋਬਾਰੀ ਬਣੇ। ਉਨ੍ਹਾਂ ਕੋਲ ਕਰੀਬ 46 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਹੈ। ‘ਫੋਰਬਜ਼' ਰਸਾਲੇ ਦੀ 2021 ਵਿੱਚ ਆਈ ਸੂਚੀ ਮੁਤਾਬਕ ਝੁਨਝੁਨਵਾਲਾ ਭਾਰਤ ਦੇ 36ਵੇਂ ਸਭ ਤੋਂ ਅਮੀਰ ਵਿਅਕਤੀ ਸਨ। ਉਨ੍ਹਾਂ ਨੇ ਪਿੱਛੇ ਜਿਹੇ ਇੱਕ ਏਅਰਲਾਈਨ ਵੀ ਸ਼ੁਰੂ ਕੀਤੀ ਸੀ। ਆਮਦਨ ਟੈਕਸ ਅਧਿਕਾਰੀ ਦੇ ਪੁੱਤਰ ਰਾਕੇਸ਼ ਦੇ ਪਰਵਾਰ ਵਿੱਚ ਪਤਨੀ ਤੋਂ ਇਲਾਵਾ ਤਿੰਨ ਬੱਚੇ ਹਨ। ਰਾਕੇਸ਼ ਦਾ ਜਨਮ 1960 ਵਿੱਚ ਇੱਕ ਰਾਜਸਥਾਨੀ ਪਰਵਾਰ ਵਿੱਚ ਹੋਇਆ ਅਤੇ ਉਨ੍ਹਾਂ ਦਾ ਬਹੁਤਾ ਪਾਲਣ-ਪੋਸ਼ਣ ਮੁੰਬਈ ਵਿੱਚ ਹੋਇਆ। ਰਾਕੇਸ਼ ਨੇ ਚਾਰਟਿਡ ਅਕਾਊਂਟੈਂਟ (ਸੀ ਏ) ਦੀ ਸਿੱਖਿਆ ਹਾਲ ਕੀਤੀ ਸੀ। ਪਿਛਲੇ ਕੁਝ ਮਹੀਨਿਆਂ ਤੋਂ ਉਹ ਕਿਡਨੀ ਤੇ ਦਿਲ ਦੇ ਰੋਗਾਂ ਤੋਂ ਪੀੜਤ ਸਨ। ਕਈ ਸਮਾਗਮਾਂ ਉੱਤੇ ਉਨ੍ਹਾਂ ਨੂੰ ਵੀਲ੍ਹਚੇਅਰ ਉਤੇ ਵੀ ਦੇਖਿਆ ਗਿਆ ਸੀ। ਐਤਵਾਰ ਸੁਵੱਖਤੇ ਝੁਨਝੁਨਵਾਲਾ ਨੂੰ ਬ੍ਰੀਚ ਕੈਂਡੀ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

ਰਾਕੇਸ਼ ਝੁਨਝੁਨਵਾਲਾ ‘ਹੰਗਾਮਾ ਮੀਡੀਆ' ਅਤੇ ‘ਐਪਟੈਕ' ਦੇ ਵੀ ਚੇਅਰਮੈਨ ਸਨ। ਉਨ੍ਹਾ ਨੇ ਕਾਲਜ ਪੜ੍ਹਦਿਆਂ ਕਰੀਬ 5000 ਰੁਪਏ ਦੇ ਨਿਵੇਸ਼ ਨਾਲ ਸ਼ੇਅਰ ਬਾਜ਼ਾਰ ਵਿੱਚ ਪੈਰ ਧਰਿਆ ਸੀ। ਉਨ੍ਹਾਂ ਪਿੱਛੇ ਜਿਹੇ ਜੈਟ ਏਅਰਵੇਜ਼ ਦੇ ਸਾਬਕਾ ਸੀ ਈ ਓ ਵਿਨੈ ਦੂਬੇ ਅਤੇ ਇੰਡੀਗੋ ਦੇ ਸਾਬਕਾ ਮੁਖੀ ਅਦਿਤਿਆ ਘੋਸ਼ ਨਾਲ ਮਿਲ ਕੇ ਏਅਰਲਾਈਨ ਕੰਪਨੀ ‘ਅਕਾਸਾ ਏਅਰ' ਸ਼ੁਰੂ ਕੀਤੀ ਸੀ, ਜਿਸ ਨੇ ਇਸੇ ਮਹੀਨੇ ਮੁੰਬਈ ਤੋਂ ਅਹਿਮਦਾਬਾਦ ਦੀ ਪਹਿਲੀ ਉਡਾਣ ਭਰੀ ਸੀ। ਝੁਨਝੁਨਵਾਲਾ ਨੇ ਪਹਿਲਾਂ ਕਈ ਵਾਰ ਦੱਸਿਆ ਸੀ ਕਿ ਸ਼ੇਅਰ ਮਾਰਕੀਟ ਵਿੱਚ ਉਨ੍ਹਾਂ ਦੀ ਰੁਚੀ ਪਿਤਾ ਨੂੰ ਦੇਖ ਕੇ ਵਧੀ ਸੀ।

# ਇਮਰਾਨ ਨੇ ਜੈਸ਼ੰਕਰ ਦੀ ਵੀਡੀਓ ਚਲਾ ਕੇ ਭਾਰਤੀ ਵਿਦੇਸ਼ ਨੀਤੀ ਦੀ ਸ਼ਲਾਘਾ ਕੀਤੀ

ਲਾਹੌਰ, 16 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕ ਏ ਇਨਸਾਫ (ਪੀ ਟੀ ਆਈ) ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਪਰਸੋਂ ਫਿਰ ਭਾਰਤ ਦੀ ਆਜ਼ਾਦ ਵਿਦੇਸ਼ ਨੀਤੀ ਦੀ ਸ਼ਲਾਘਾ ਕੀਤੀ ਤੇ ਰੂਸ ਤੋਂ ਤੇਲ ਖਰੀਦਣ ਲਈ ਪੱਛਮੀ ਦੇਸ਼ਾਂ ਵੱਲੋਂ ਭਾਰਤ ਦੀ ਕੀਤੀ ਗਈ ਆਲੋਚਨਾ ਦੀ ਨਿਖੇਧੀ ਵੀ ਕੀਤੀ।



ਇਮਰਾਨ ਖਾਨ ਲਾਹੌਰ ਦੇ ਹਾਕੀ ਸਟੇਡੀਅਮ ਵਿੱਚ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਵੀਡੀਓ ਕਲਿੱਪ ਚਲਾਈ। ਇਹ ਵੀਡੀਓ ਸਲੋਵਾਕੀਆ ਵਿੱਚ ਹੋਈ ਬ੍ਰਾਤੀਲਾਵਾ ਫੋਰਮ ਬਾਰੇ ਸੀ। ਉਨ੍ਹਾਂ ਭਾਰਤੀ ਮੰਤਰੀ ਵੱਲੋਂ ਤੇਲ ਖਰੀਦਣ ਦੇ ਮਾਮਲੇ ਵਿੱਚ ਅਮਰੀਕੀ ਦਬਾਅ ਅੱਗੇ ਮਜ਼ਬੂਤੀ ਨਾਲ ਖੜ੍ਹਨ ਦੀ ਸ਼ਲਾਘਾ ਕੀਤੀ। ਇਮਰਾਨ ਨੇ ਰੈਲੀ ਵਿੱਚ ਕਿਹਾ, ‘‘ਜੇ ਭਾਰਤ, ਜਿਸ ਨੂੰ ਪਾਕਿਸਤਾਨ ਦੇ ਨਾਲ ਆਜ਼ਾਦੀ ਮਿਲੀ ਸੀ, ਏਦਾਂ ਦਾ ਮਜ਼ਬੂਤ ਰੁਖ਼ ਧਾਰਨ ਕਰ ਸਕਦਾ ਹੈ, ਆਪਣੀ ਵਿਦੇਸ਼ ਨੀਤੀ ਆਪਣੇ ਲੋਕਾਂ ਦੀ ਲੋੜ ਮੁਤਾਬਕ ਘੜ ਸਕਦਾ ਹੈ ਤਾਂ ਉਹ ਕੌਣ ਹੁੰਦੇ ਹਨ (ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ) ਜੋ ਅਮਰੀਕਾ ਦੇ ਕਹਿਣ ਉੱਤੇ ਚੱਲਦੇ ਹਨ।''

ਇਮਰਾਨ ਖਾਨ ਨੇ ਵੀਡੀਓ ਚਲਾ ਕੇ ਕਿਹਾ, ‘‘ਉਨ੍ਹਾਂ (ਅਮਰੀਕਾ) ਨੇ ਭਾਰਤ ਨੂੰ ਰੂਸ ਤੋਂ ਤੇਲ ਨਾ ਖਰੀਦਣ ਲਈ ਹੁਕਮ ਦਿੱਤੇ। ਭਾਰਤ, ਅਮਰੀਕਾ ਦਾ ਰਣਨੀਤਕ ਭਾਈਵਾਲ ਹੈ, ਪਾਕਿ-ਸਤਾਨ ਨਹੀਂ। ਚਲੋ ਅਸੀਂ ਦੇਖਦੇ ਹਾਂ ਕਿ ਅਮਰੀਕਾ ਦੇ ਹੁਕਮ ਦਾ ਭਾਰਤ ਦੇ ਵਿਦੇਸ਼ ਮੰਤਰੀ ਨੇ ਕੀ ਜਵਾਬ ਦਿੱਤਾ ਜਦ ਉਨ੍ਹਾਂ ਤੇਲ ਨਾ ਖਰੀਦਣ ਬਾਰੇ ਕਿਹਾ। ਜੈਸ਼ੰਕਰ ਉਨ੍ਹਾਂ ਨੂੰ ਕਹਿ ਰਹੇ ਹਨ ਕਿ ਤੁਸੀਂ ਕੌਣ ਹੁੰਦੇ ਹੋ? ਉਨ੍ਹਾਂ ਕਿਹਾ ਕਿ ਯੂਰਪ ਰੂਸ ਤੋਂ ਗੈਸ ਲੈ ਰਿਹਾ ਹੈ ਅਤੇ ਅਸੀਂ ਲੋਕਾਂ ਦੀ ਲੋੜ ਮੁਤਾਬਕ ਤੇਲ ਲਵਾਂਗੇ। ਇਹ ਹੁੰਦੀ ਹੈ ਆਜ਼ਾਦ ਹਕੂਮਤ।'' ਉਨ੍ਹਾਂ ਰੂਸ ਤੋਂ ਤੇਲ ਖਰੀਦਣ ਬਾਰੇ ਸ਼ਾਹਬਾਜ਼ ਸਰਕਾਰ ਦੇ ਅਮਰੀਕੀ ਦਬਾਅ ਅੱਗੇ ਝੁਕਣ ਦੀ ਨਿਖੇਧੀ ਕੀਤੀ ਤੇ ਕਿਹਾ, ‘‘ਸ਼ਾਹਬਾਜ਼ ਸਰਕਾਰ ਅਮਰੀਕਾ ਨੂੰ ਨਾਂਹ ਨਹੀਂ ਕਹਿ ਸਕੀ ਤੇ ਝੁਕ ਗਈ, ਭਾਵੇਂ ਤੇਲ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਮੈਂ ਇਸ ਗੁਲਾਮੀ ਦੇ ਖਿਲਾਫ ਹਾਂ।'' ਜੈਸ਼ੰਕਰ ਦੀ ਇਹ ਵੀਡੀਓ ਤਿੰਨ ਜੂਨ ਦੀ ਹੈ, ਜਦ ਉਨ੍ਹਾਂ ਸਲੋਵਾਕੀਆ ਦੇ ਸੰਮੇਲਨ ਵਿੱਚ ਤੇਲ ਖਰੀਦਣ ਦੇ ਮਾਮਲੇ ਉੱਤੇ ਜਵਾਬ ਦਿੰਦਿਆਂ ਕਿਹਾ ਸੀ ਕਿ ‘‘ਕੀ ਰੂਸ ਦੀ ਗੈਸ ਖਰੀਦਣ ਵਾਲੇ ਦੇਸ਼ ਵੀ ਜੰਗ ਦੀ ਫੰਡਿੰਗ ਨਹੀਂ ਕਰ ਰਹੇ?''

ਲਾਹੌਰ ਵਿੱਚ ਕੱਲ੍ਹ ਰੈਲੀ ਵਿੱਚ ਇਮਰਾਨ ਖਾਨ ਨੇ ਇਹ ਵੀ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਲੰਡਨ ਤੋਂ ਪਾਕਿਸਤਾਨ ਲਿਆਉਣ ਦੇ ਯਤਨ ਚੱਲ ਰਹੇ ਹਨ, ਜਦ ਕਿ ਸ਼ਰੀਫ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਜ਼ਾ ਹੋ ਚੁੱਕੀ ਹੈ। ਉਹ ਨਵੰਬਰ 2019 ਵਿੱਚ ਇਲਾਜ ਲਈ ਲੰਡਨ ਗਏ ਸਨ। ਇਮਰਾਨ ਨੇ ਕਿਹਾ, ‘‘ਸਰਕਾਰ ਤੇ ਫੌਜ ਵੱਲੋਂ ਵੀ ਦਬਾਅ ਬਣਾਇਆ ਜਾ ਰਿਹਾ ਹੈ ਤਾਂ ਕਿ ਨਵਾਜ਼ ਸ਼ਰੀਫ ਨੂੰ ਅਗਲੀਆਂ ਚੋਣਾਂ ਵਿੱਚ ਖੜ੍ਹਾ ਕੀਤਾ ਜਾ ਸਕੇ। ਨਵਾਜ਼ ਸ਼ਰੀਫ ਨੂੰ ਚੋਣਾਂ ਲੜਨ ਦੇ ਅਯੋਗ ਕਰਾਰ ਦਿੱਤਾ ਜਾ ਚੁੱਕਾ ਹੈ ਤੇ ਉਨ੍ਹਾਂ ਉੱਤੇ ਉਮਰ ਦੀ ਪਾਬੰਦੀ ਲਾਈ ਗਈ ਸੀ। ਉਨ੍ਹਾਂ ਕਿਹਾ ਕਿ ਪਾਬੰਦੀ ਨੂੰ ਖਤਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਪਾਕਿਸਤਾਨ ਵਿੱਚ ਆਮ ਚੋਣਾਂ ਅਗਲੇ ਸਾਲ ਹੋਣੀਆਂ ਹਨ। ਕੁਝ ਰਿਪੋਰਟਾਂ ਮੁਤਾਬਕ ਪਾਕਿਸਤਾਨੀ ਚੋਣ ਕਮਿਸ਼ਨ ਤੈਅ ਸਮੇਂ ਤੋਂ ਇੱਕ ਸਾਲ ਪਹਿਲਾਂ ਅਕਤੂਬਰ ਮਹੀਨੇ ਆਮ ਚੋਣਾਂ ਕਰਾਉਣ ਦੀ ਤਿਆਰੀ ਕਰ ਰਿਹਾ ਹੈ। ਦੇਸ਼ ਦੀ ਤਾਕਤਵਰ ਫੌਜ ਦਾ ਅਸਿੱਧੇ ਤੌਰ ਉੱਤੇ ਜ਼ਿਕਰ ਕਰਦਿਆਂ ਇਮਰਾਨ ਨੇ ਕਿਹਾ, ‘‘ਮੈਨੂੰ ਤੋਸ਼ਾਖਾਨਾ ਤੇ ਫੰਡਿੰਗ ਦੇ ਕੇਸ ਵਿੱਚ ਅਯੋਗ ਕਰਾਰ ਦੇਣ ਲਈ ਸਾਜ਼ਿਸ਼ ਘੜੀ ਜਾ ਰਹੀ ਹੈ ਤਾਂ ਕਿ ਅਗਲੇ ਮਹੀਨੇ ਪੀ ਐਮ ਐਲ-ਐਨ ਸੁਪਰੀਮੋ ਨਵਾਜ਼ ਸ਼ਰੀਫ ਨੂੰ ਲੰਡਨ ਤੋਂ ਲਿਆਉਣ ਦਾ ਰਾਹ ਪੱਧਰਾ ਹੋ ਸਕੇ।''

# ਇੱਕ ਥਾਂ, ਜਿੱਥੇ ਹਰ ਮਰਦ ਦੇ ਜਬਰਦਸਤੀ ਦੋ ਵਿਆਹ ਕਰਵਾਏ ਜਾਂਦੇ ਨੇ



ਨਵੀਂ ਦਿੱਲੀ, 16 ਅਗਸਤ (ਪੋਸਟ ਬਿਊਰੋ)- ਦੁਨੀਆ ਵਿੱਚ ਕਿਸੇ ਵੀ ਇਨਸਾਨ ਨੂੰ ਇੱਕ ਵਿਆਹ ਕਰਨ ਦੀ ਕਾਨੂੰਨੀ ਮਾਨਤਾ ਹੁੰਦੀ ਹੈ, ਪਰ ਦੁਨੀਆ ਵਿੱਚ ਕੁਝ ਦੇਸ਼ ਜਾਂ ਸਥਾਨ ਅਜਿਹੇ ਹਨ, ਜਿੱਥੇ ਇੱਕ ਨਹੀਂ, ਸਗੋਂ ਦੋ ਵਿਆਹ ਕਰਨ ਦਾ ਰਿਵਾਜ਼ ਹੈ। ਇਹੀ ਨਹੀਂ ਉਥੇ ਦੂਸਰਾ ਵਿਆਹ ਕਰਨ ਲਈ ਪੁਰਸ਼ਾਂ ਨਾਲ ਜ਼ਬਰਦਸਤੀ ਕੀਤੀ ਜਾਂਦੀ ਹੈ, ਯਾਨੀ ਜੇ ਪੁਰਸ਼ ਨਾ ਮੰਨੇ ਤਾਂ ਉਸ ਨੂੰ ਦੂਜਾ ਵਿਆਹ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜੇਕਰ ਕੋਈ ਪੁਰਸ਼ ਦੂਜਾ ਵਿਆਹ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਉਸ ਨੂੰ ਸਖ਼ਤ ਸਜ਼ਾ ਵੀ ਦਿੱਤੀ ਜਾਂਦੀ ਹੈ।

ਅਫ਼ਰੀਕੀ ਮਹਾਂਦੀਪ ਦੇ ਇੱਕ ਦੇਸ਼ਇਰੀਟ੍ਰੀਆ ਵਿੱਚ ਹਰ ਪੁਰਸ਼ ਨੂੰ ਦੋ ਪਤਨੀਆਂ ਰੱਖਣ ਦਾ ਅਨੋਖਾ ਕਾਨੂੰਨ ਹੈ। ਇਸ ਦੇਸ਼ ਹਰ ਪੁਰਸ਼ ਨੂੰ ਦੋ ਵਿਆਹ ਕਰਨੇ ਹੁੰਦੇ ਹਨ, ਕਿਉਂਕਿ ਓਥੇ ਦੋ ਵਿਆਹ ਕਰਾਉਣੇ ਲਾਜ਼ਮੀ ਹਨ। ਇਹੀ ਨਹੀਂ, ਜੇ ਕੋਈ ਪੁਰਸ਼ ਦੋ ਪਤਨੀਆਂ ਨਹੀਂ ਰੱਖਦਾ ਤਾਂ ਉਸ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ, ਸਜ਼ਾ ਵਜੋਂ ਉਸ ਨੂੰ ਜੇਲ੍ਹ ਵਿੱਚ ਵੀ ਡੱਕ ਦਿੱਤਾ ਜਾਂਦਾ ਹੈ। ਇਸ ਅਨੋਖੇ ਕਾਨੂੰਨ ਦਾ ਕਾਰਨ ਇਹ ਹੈ ਕਿ ਇਰੀਟ੍ਰੀਆ ਵਿੱਚ ਪੁਰਸ਼ਾਂ ਦੀ ਗਿਣਤੀ ਔਰਤਾਂ ਦੀ ਗਿਣਤੀ ਨਾਲੋਂ ਬਹੁਤ ਘੱਟ ਹੈ, ਇਸ ਦੀ ਮੁੱਖ ਵਜ੍ਹਾ ਇਥੋਪੀਆ ਨਾਲ ਹੋਇਆ ਘਰੇਲੂ ਯੁੱਧ ਹੈ। ਪੁਰਸ਼ਾਂ ਦੇ ਦੋ ਵਿਆਹ ਕਰਨ ਦੇ ਕਾਨੂੰਨ ਤੋਂ ਇਲਾਵਾ ਔਰਤਾਂ ਬਾਰੇ ਵੀ ਸਖ਼ਤ ਕਾਨੂੰਨ ਬਣਾਇਆ ਗਿਆ ਹੈ, ਜਿਸ ਹੇਠ ਉਥੇ ਔਰਤਾਂ ਆਪਣੇ ਪਤੀ ਦੇ ਦੂਜੇ ਵਿਆਹ ਵਿੱਚ ਰੁਕਾਵਟ ਜਾਂ ਕਿਸੇ ਤਰ੍ਹਾਂ ਦੀ ਅੜਾਉਣੀ ਪੈਦਾ ਨਹੀਂ ਕਰ ਸਕਦੀਆਂ, ਜੇਕਰ ਉਹ ਅਜਿਹਾ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾਂਦੀ ਹੈ।



# ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ 'ਚ 75ਵੇਂ ਅਜ਼ਾਦੀ ਦਿਵਸ 'ਤੇ ਵਾਈਸ ਚਾਂਸਲਰ ਪ੍ਰੋ. ਜਸਪਾਲ ਸਿੰਘ ਸੰਧੂ ਨੇ ਤਿਰੰਗਾ ਝੰਡਾ ਲਹਿਰਾਇਆ





ਅੰਮ੍ਰਿਤਸਰ, 16 ਅਗਸਤ, 2022 (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ, ਪ੍ਰੋ. ਜਸਪਾਲ ਸਿੰਘ ਸੰਧੂ ਨੇ 75ਵੇਂ ਅਜਾਦੀ ਦਿਵਸ ਮੌਕੇ ਗੈਸਟ ਹਾਊਸ ਲਾਅਨ ਵਿਖੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਉਪਰੰਤ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ। ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ, ਓ.ਐਸ.ਡੀ. ਟੂ ਵੀ.ਸੀ. ਪ੍ਰੋ. ਹਰਦੀਪ ਸਿੰਘ, ਡੀਨ ਵਿਦਿਆਰਥੀ ਭਲਾਈ, ਪ੍ਰੋ. ਅਨੀਸ਼ ਦੂਆ, ਸੁਰੱਖਿਆ ਅਫਸਰ ਸ਼੍ਰੀ ਅਮਰਬੀਰ ਸਿੰਘ ਚਾਹਲ ਤੋਂ ਇਲਾਵਾ ਹੋਰ ਸਰੱਖਿਆ ਅਮਲਾ ਹਾਜ਼ਰ ਸੀ।

# ਸਹੀਦਾਂ ਦੀ ਬਦੌਲਤ ਹੀ ਅਸੀਂ ਅੱਜ ਆਜਾਦ ਫਿਜ਼ਾ ਦਾ ਆਨੰਦ ਮਾਣ ਰਹੇ ਹਾਂ: ਹਰਬੀਰ ਸਿੰਘ ਡਿਪਟੀ ਕਮਿਸ਼ਨਰ

*** ਜਿਲ੍ਹਾ ਪੱਧਰੀ ਆਜਾਦੀ ਦਿਵਸ ਸਮਾਰੋਹ ਤੇ ਡਿਪਟੀ ਕਮਿਸਨਰ ਪਠਾਨਕੋਟ ਹਰਬੀਰ ਸਿੰਘ ਨੇ ਦੌਰਾਨ ਲਹਿਰਾਇਆ ਤਿਰੰਗਾ * ਲੋੜਵੰਦਾਂ ਨੂੰ ਸਿਲਾਈ ਮਸੀਨਾਂ, ਟਰਾਈ ਸਾਇਕਲ ਅਤੇ ਵਹੀਲ ਚੇਅਰ ਦੀ ਕੀਤੀ ਵੰਡ**



ਪਠਾਨਕੋਟ, 16 ਅਗਸਤ (ਰਾਜਿੰਦਰ ਸਿੰਘ ਰਾਜਨ)- ਡਿਪਟੀ ਕਮਿਸ਼ਨਰ ਪਠਾਨਕੋਟ ਹਰਬੀਰ ਸਿੰਘ ਵੱਲੋਂ 15 ਅਗਸਤ ਨੂੰ ਸਥਾਨਕ ਮਲਟੀਪਰਪਜ ਸਪੋਰਟ ਸਟੇਡੀਅਮ ਪਠਾਨਕੋਟ ਵਿਖੇ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਤੇ ਰਾਸਟਰੀ ਝੰਡਾ ਲਹਿਰਾਇਆ ਗਿਆ ਅਤੇ ਜਿਲ੍ਹਾ ਪਠਾਨਕੋਟ ਦੇ ਲੋਕਾਂ ਨੂੰ ਸੰਦੇਸ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਰ ਨਾਗਰਿਕ ਨੂੰ ਦੇਸ ਦੇ ਸਰਬਪੱਖੀ ਵਿਕਾਸ ਲਈ ਸਾਨੂੰ ਸਾਰਿਆਂ ਨੂੰ ਮਿਲਕੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਆਪ ਨੂੰ ਬਹੁਤ ਖੁਸਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਪਠਾਨਕੋਟ ਜਿਲ੍ਹੇ ਦੀ ਧਰਤੀ 'ਤੇ ਤਿਰੰਗਾ ਲਹਿਰਾਉਣ ਦਾ ਮਾਣ ਮਿਲਿਆ।

ਉਨ੍ਹਾਂ ਸੰਬੋਧਤ ਕਰਦਿਆਂ ਕਿਹਾ ਕਿ ਵੱਖ-ਵੱਖ ਲਹਿਰਾਂ ਅਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ, ਸ਼ਹੀਦ ਊਧਮ ਸਿੰਘ ਅਤੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਗਏ ਸੰਘਰਸ਼ਾਂ ਕਾਰਨ ਹੀ ਅੱਜ ਅਸੀਂ ਆਜ਼ਾਦ ਮੁਲਕ ਦੇ ਵਾਸੀ ਹਾਂ। ਸਾਨੂੰ ਮਾਣ ਹੈ ਕਿ ਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ ਪੰਜਾਬੀਆਂ ਨੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਹਰਕਮਲ ਪ੍ਰੀਤ ਸਿੰਘ ਖੱਖ ਐਸ.ਐਸ.ਪੀ. ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕੁਲਭੂਸਣ ਕੁਮਾਰ ਵਧੀਕ ਜਿਲ੍ਹਾ ਤੇ ਸੈਸਨ ਜੱਜ ਪਠਾਨਕੋਟ , ਧਰਮਵੀਰ ਵਣ ਮੰਡਲ ਅਧਿਕਾਰੀ ਪਠਾਨਕੋਟ, ਬਲਰਾਜ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ) ਆਦਿ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਰਾਜਨੀਤਿਕ ਆਹੁਦੇਦਾਰ ਵੀ ਹਾਜਰ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

"ਨਾਈ ਸਿੱਖ ਲੜਕਾ ਉਮਰ 23 ਸਾਲ , ਕੱਦ 5'10" ਵਰਕ ਪਰਮਿਟ ਤੇ ਲੜਕੇ ਲਈ ਪੀ.ਆਰ./ ਸਿਟੀਜਨ ਲੜਕੀ ਦੀ ਲੋੜ ਹੈ।ਲੜਕੇ ਦੀ ਭੈਣ ਕੈਨੇਡਾ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕਃ +1(647) 274-3207 Whatsapp: +91 97794 39200"

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ,ਉਮਰ 28 ਸਾਲ,ਕੱਦ 5'7", ਕੈਨੇਡੀਅਨ ਪੀ ਆਰ ਲੜਕੇ ਲਈ ,ਪੀ ਆਰ ਜਾਂ ਵਰਕਪਰਮਟ, ਪੜੀ ਲਿਖੀ ਲੜਕੀ ਦੀ ਲੋੜ ਹੈ, ਮੈਰੇਜ ਬਿਊਰੋ ਮਾਫ਼ ਕਰਨ, ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
WhatsApp +919915470912, 6475312139

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਨਾਈ ਸਿੱਖ ਲੜਕੀ, 1993, Masters in Commerce, Two years Canadian Education, Job: Accounting Bookkeeper Got: Hargun Height: 5'3, Status in canada : PR, (1 brother also in canada ) Looking for vegetarian , Well educated sikh boy. (Preferred in canada.) 6048973052

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢਨੋਆ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਾਰੀਆਂ ਸੱਮਸਿਆਵਾਂ ਦੇ ਇਲਾਜ਼ ਲਈ
AWARD WINNER & SPIRITUAL HEALER
RAJNI SHARMA
- ਸਾਰੀਆਂ ਬਿਮਾਰੀਆਂ ਦਾ ਨੈਚੁਰਲ ਢੰਗ ਨਾਲ ਇਲਾਗ ਕੀਤਾ ਜਾਦਾਂ ਹੈ
- ਧਰਨ ਚੁਕ ਅਤੇ ਬੈਕ ਪਰਾਬਲਮ
- ਛਟਕਾ ਪੇਨ ਅਤੇ ਬੱਚੇ ਦੀ ਪਰਾਬਲਮ
- ਮੈਂਟਲ ਹੈਲਥ ਪਰਾਬਲਮ
- ਸ਼ਰੀਰ ਦੀਆਂ ਸਾਰੀਆਂ ਸੱਮਸਿਆਵਾਂ ਦੀ ਮਦੱਦ ਲਈ ਕਾਲ ਕਰੋ :
647-409-0731 / 905-794-0731
Near Gore & Gardenbrook Trail - 183 Thorndale Rd, Brampton, ON L6P 3K8

## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com
GUARANTEED
CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE IN BRANTFORD
SHELLARD LN / CONKLIN RD



- 2000 sq feet ਦਾ Semi-Detached ਘਰ
- 4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
- ਸਟੇਨਲੈਸ ਸਟੀਲ ਉਪਕਰਨ
- ਫਨਿਸ਼ਿਡ ਬੇਸਮੈਂਟ
- ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
- ਕੁਆਰਟਜ਼ ਕਾਊਂਟਰ ਟੌਪ
- ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ

JUST LISTED FOR SALE IN BRAMPTON
WILLIAMS PKWY / CHINGUACOUSY RD



- 2500 - 3000 sq feet
- Detach ਘਰ, ਡਬਲ ਡੋਰ ਐਂਟਰੀ
- 4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
- ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
- ਸਟੇਨਲੈਸ ਸਟੀਲ ਉਪਕਰਨ
- ਹਾਈਵੇਅ 403 ਦੇ ਨੇੜੇ





FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022

REXDALE BODY SHOP
USED CAR SALE





CHEEMA
Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
OPEN MON - SAT 9AM TO 7PM
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ



NEED MORE LISTINGS
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8





CASTLEMORE/GOREWAY

8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੂਲੀ ਅਪਗ੍ਰੇਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ





FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017